ਰੋਜ਼ਾਨਾ ਪੰਜਾਬੀ ਅਖ਼ਬਾਰ
‘ਲੋਕ ਬਾਣੀ’
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ ’ਤੇ ਸੰਪਰਕ ਕਰੋ।
0181-2211009

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
(ਜਲੰਧਰ)
Email : lokbani08@gmail.com
ਮੰਗਲਵਾਰ, 27 ਜੁਲਾਈ 2021

ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ
ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ
ਸੰਪਰਕ ਕਰੋ
9915594111
0181-2211009

R.N.I. Punpun/29016/2008 ☆ ਸਾਲ : 14 ☆ ਅੰਕ : 179 ☆ ਮੁੱਲ : 2.00 ਰੁਪਏ ☆ ਕੁੱਲ ਪੇਜ : 10 ☆ ਫੈਕਸ : 0181-2211009 ☆ M. 99155-94111

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.

FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations

Free Medicine for 9am to 5pm

## ਸੰਸਦ ਭਵਨ ਅੱਗੇ ਕਿਸਾਨ ਬੀਬੀਆਂ ਨੇ ਚਲਾਈ ਆਪਣੀ ਸੰਸਦ

**ਨਵੀਂ ਦਿੱਲੀ/ਕਪੂਰ**

ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਲਿਾਫ ਚੱਲ ਰਹੇ ਅੰਦੋਲਨ ਦੌਰਾਨ ਸੋਮਵਾਰ ਨੂੰ ਕਿਸਾਨ ਬੀਬੀਆਂ ਵੱਲੋਂ ਜੰਤਰ ਮੰਤਰ ਵਿਖੇ ਕਿਸਾਨ ਸੰਸਦ ਦੀ ਕਾਰਵਾਈ ਚਲਾਈ ਗਈ। ਕਿਸਾਨ ਸੰਸਦ ’ਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ 200 ਮਹਿਲਾਵਾਂ ਸ਼ਾਮਲ ਹੋਈਆਂ। ਕਿਸਾਨਾਂ ਨੇ ਨਾਅਰੇਬਾਜੀ ਕਰਦਿਆਂ ਕੇਂਦਰ ਸਰਕਾਰ ਵੱਲੋਂ ਪਿਛਲੇ ਵਰ੍ਹੇ ਬਣਾਏ ਗਏ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ। ਸੋਮਵਾਰ ਨੂੰ ‘ਕਿਸਾਨ ਸੰਸਦ’ ਜਰੂਰੀ ਵਸਤਾਂ (ਸੋਧ) ਕਾਨੂੰਨ ’ਤੇ ਕੇਂਦਰਤ ਕੀਤੀ ਗਈ। ਕਿਸਾਨਾਂ ਨੇ ਅਜਿਹਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਜੋ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਿੰਦਾ ਹੋਵੇ। ਔਰਤਾਂ ਦੀ ਕਿਸਾਨ ਸੰਸਦ ਦਾ ਸੰਚਾਲਨ ਸੂਬਾ ਆਗੂ ਅਤੇ ਬੁਲਾਰਾ ਸੁਭਾਸ਼ਿਨੀ ਅਲੀ ਕੀਤਾ। ਇਸ ਮੌਕੇ ਪਿਛਲੇ ਅੱਠ ਮਹੀਨਿਆਂ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੁਭਾਸ਼ਿਨੀ ਅਲੀ ਨੇ ਕਿਹਾ, ‘ਅੱਜ ਦੀ ‘ਸੰਸਦ’ ਵਿੱਚ ਔਰਤਾਂ ਦੀ ਸ਼ਕਤੀ ਦਿਖਾਈ ਦੇਵੇਗੀ। ਔਰਤਾਂ ਖੇਤੀ ਵੀ ਕਰ ਸਕਦੀਆਂ ਹਨ ਅਤੇ ਦੇਸ਼ ਵੀ ਚਲਾ ਸਕਦੀਆਂ ਹਨ ਅਤੇ ਇੱਥੇ ਹਰ ਵਿਅਕਤੀ ਨੇਤਾ ਹੈ। ਉਨ੍ਹਾਂ ਕਿਹਾ ਕਿ ਕਾਲੇ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਜਾਰੀ ਰਹੇਗੀ।’ ਸੁਭਾਸ਼ਿਨੀ ਨੇ ਕਿਹਾ, ‘ਸਰਕਾਰ ਸਾਨੂੰ ਅੱਤਵਾਦੀ ਤੇ ਖਾਲਿਸਤਾਨੀ ਆਦਿ ਨਾਵਾਂ ਨਾਲ ਸੰਬੋਧਨ ਕਰਨਾ ਜਾਰੀ ਪਰ ਜੇਕਰ ਉਸ ਵਿੱਚ ਤਾਕਤ ਹੈ ਤਾਂ ਉਸ ਨੂੰ ਇਨ੍ਹਾਂ ਅਤਿਵਾਦੀਆਂ ਤੇ ਖਾਲਿਸਤਾਨੀਆਂ ਵੱਲੋਂ ਪੈਦਾ ਕੀਤੇ ਅਨਾਜ ਨੂੰ ਨਹੀਂ ਖਾਣਾ ਚਾਹੀਦਾ।’ ਮਹਿਲਾ ਕਿਸਾਨ ਆਗੂ ਨੀਤੂ ਖੰਨਾ ਨੇ ਕਿਹਾ, ‘ਇਹ ਸ਼ਰਮਨਾਕ ਹੈ ਕਿ ਸਰਕਾਰ ਕਿਸਾਨਾਂ ਨਾਲ ਬਦਸਲੂਕੀ ਕਰ ਰਹੀ ਹੈ, ਜਦਕਿ ਉਹੀ ਹੀ ਸਾਰੇ ਦੇਸ਼ ਨੂੰ ਜ਼ੀਂਦਾ ਰੱਖ ਰਹੇ ਹਨ।’ ਕਿਸਾਨ ਸੰਸਦ ’ਚ ਹਾਜਰ ਹੋਰ ਕਿਸਾਨ ਬੀਬੀਆਂ ਨੇ ਇੱਕੋ ਸੁਰ ’ਚ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਦੁਹਰਾਈ।




## ਅਮਰੀਕਾ ਦੇ ਮਿਸੀਗਨ ’ਚ ਤੂਫਾਨ ਨੇ ਹਜਾਰਾਂ ਘਰਾਂ ਦੀ ਬਿਜਲੀ ਕੀਤੀ ਗੁੱਲ

**ਫਰਿਜਨੋ/ਲੋਕ ਬਾਣੀ**

ਮਿਸੀਗਨ ’ਚ ਕਈ ਖੇਤਰਾਂ ਨੇ ਸਨੀਵਾਰ ਰਾਤ ਨੂੰ ਭਾਰੀ ਮੀਂਹ ਤੇ ਤੂਫਾਨ ਦਾ ਸਾਹਮਣਾ ਕੀਤਾ। ਇਸ ਤੂਫਾਨੀ ਮੌਸਮ ਨੇ ਹਜਾਰਾਂ ਘਰਾਂ ਦੀ ਬਿਜਲੀ ਸਪਲਾਈ ਨੂੰ ਪ੍ਰਭਾਵਿਤ ਕੀਤਾ। ਰਿਪੋਰਟਾਂ ਅਨੁਸਾਰ ਡੀਟ੍ਰੋਇਟ ਇਲਾਕੇ ’ਚ ਸਨੀਵਾਰ ਰਾਤ ਨੂੰ ਤੂਫਾਨ ਆਉਣ ਤੋਂ ਬਾਅਦ ਮਿਸੀਗਨ ’ਚ ਤਕਰੀਬਨ 140,000 ਲੋਕਾਂ ਨੇ ਬੰਦ ਬਿਜਲੀ ਦਾ ਸਾਹਮਣਾ ਕੀਤਾ। ਇਸ ਸਬੰਧੀ . ਦੀ ਰਿਪੋਰਟ ਅਨੁਸਾਰ ਸਟੇਟ ਦੇ ਤਕਰੀਬਨ 138,990 ਲੋਕ ਬਿਜਲੀ ਤੋਂ ਵਾਂਝੇ ਰਹੇ। ਇਸ ਦੌਰਾਨ ਭਿਆਨਕ ਤੂਫਾਨਾਂ ਨੇ ਡੀਟ੍ਰੋਇਟ ਮੈਟਰੋ ਖੇਤਰ ’ਚ ਆਪਣਾ ਪ੍ਰਭਾਵ ਦਿਖਾਇਆ ਅਤੇ ਆਰਮਾਡਾ ਸਮੇਤ ਕਈ ਹੋਰ ਇਲਾਕਿਆਂ ’ਚ ਵੀ ਤੂਫਾਨ ਨੇ ਦਸਤਕ ਦਿੱਤੀ। ਇਸ ਤੂਫਾਨ ਨੇ ਰੁੱਖਾਂ, ਘਰਾਂ ਅਤੇ ਕਾਰੋਬਾਰਾਂ ਆਦਿ ਦਾ ਵੱਡਾ ਨੁਕਸਾਨ ਕੀਤਾ। ਅਧਿਕਾਰੀਆਂ ਅਨੁਸਾਰ ਇਸ ਤੂਫਾਨ ਕਰਕੇ ਬਿਜਲੀ ਦੀਆਂ ਲਾਈਨਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਦੌਰਾਨ ਡੀਟ੍ਰੋਇਟ ਪੁਲਸ ਵਿਭਾਗ ਨੇ ਇਲਾਕਾ ਨਿਵਾਸੀਆਂ ਲਈ ਇੱਕ ਅਲਰਟ ਜਾਰੀ ਕਰਦਿਆਂ ਸੜਕਾਂ ’ਤੇ ਭਰੇ ਪਾਣੀ ਕਾਰਨ ਉਨ੍ਹਾਂ ਨੂੰ ਸੜਕਾਂ ’ਤੇ ਨਾ ਜਾਣ ਦੀ ਅਪੀਲ ਕੀਤੀ ਸੀ।




## ਮੁੱਖ ਮੰਤਰੀ ਯੇਦੀਯੁਰੱਪਾ ਨੇ ਦਿੱਤਾ ਅਸਤੀਫਾ

**ਬੰਗਲੂਰੂ/ਲੋਕ ਬਾਣੀ :** ਬੀ.ਐੱਸ. ਯੇਦੀਯੁਰੱਪਾ ਨੇ ਸੋਮਵਾਰ ਨੂੰ ਕਰਨਾਟਕ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਰਾਜਪਾਲ ਠਾਵਰਚੰਦ ਗਹਿਲੋਤ ਨੂੰ ਸੌਂਪ ਦਿੱਤਾ ਹੈ। ਰਾਜਪਾਲ ਨੇ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ। ਨਵੇਂ ਮੁੱਖ ਮੰਤਰੀ ਦੇ ਨਾਂ ਦਾ ਐਲਾਨ 2-3 ਦਿਨਾਂ ਵਿੱਚ ਕੀਤੀ ਜਾਵੇਗਾ। ਉਦੋਂ ਯੇਦੀਯੁਰੱਪਾ ਕਾਰਜਕਾਰੀ ਮੁੱਖ ਮੰਤਰੀ ਵਜੋਂ ਕੰਮ ਕਰਦੇ ਰਹਿਣਗੇ। ਯੇਦੀਯੁਰੱਪਾ ਨੇ ਗਹਿਲੋਤ ਨੂੰ ਰਾਜ ਭਵਨ ਵਿੱਚ ਆਪਣਾ ਅਸਤੀਫਾ ਰਾਜਪਾਲ ਗਹਿਲੋਤ ਨੂੰ ਅਸਤੀਫਾ ਸੌਂਪਿਆ। ਯੇਦੀਯੁਰੱਪਾ ਨੇ ਕਿਹਾ ਕਿ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕਰ ਲਿਆ ਗਿਆ ਹੈ। ਇਸ ਤੋਂ ਕੁਝ ਘੰਟੇ ਪਹਿਲਾਂ, ਆਪਣੀ ਸਰਕਾਰ ਦੇ ਕਾਰਜਕਾਲ ਦੇ ਦੋ ਸਾਲ ਪੂਰੇ ’ਤੇ 78 ਸਾਲਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾ ਨੇ ਵਿਧਾਨ ਸਭਾ ’ਚ ਕਿਹਾ ਸੀ ਕਿ ਉਹ ਦੁਪਹਿਰ ਦੇ ਖਾਣੇ ਤੋਂ ਬਾਅਦ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦੇਣਗੇ।



## ਰਾਸ਼ਟਰਪਤੀ ਨੇ ਕਾਰਗਿਲ ਵਿਜੈ ਦਿਵਸ ਮੌਕੇ ਸ਼ਹੀਦ ਜਵਾਨਾਂ ਨੂੰ ਕੀਤਾ ਯਾਦ

**ਨਵੀਂ ਦਿੱਲੀ/ਕਪੂਰ**

ਰਾਸ਼ਟਰਪਤੀ ਰਾਮਨਾਥ ਕੋਵਿੰਦ ਸੋਮਵਾਰ ਨੂੰ ਜੰਮੂ-ਕਸਮੀਰ ਦੇ ਬਾਰਮੂਲਾ ਜਲ੍ਹਿ ’ਚ ਡੈਗਰ ਜੰਗੀ ਯਾਦਗਾਰ ਪਹੁੰਚੇ ਅਤੇ ਕਿਹਾ ਕਿ ਇਹ ਯਾਦਗਾਰ ਦੇਸ਼ ਦੀ ਰੱਖਿਆ ਅਤੇ ਸੁਰੱਖਿਆ ਲਈ ਜਾਨਾਂ ਵਾਰਨ ਵਾਲੇ ਸੈਨਿਕਾਂ ਪ੍ਰਤੀ ਅਥਾਹ ਸਨਮਾਨ ਦੀ ਪ੍ਰਤੀਕ ਹੈ। ਇਸ ਮੌਕੇ ਉਨ੍ਹਾਂ ਨੇ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਸ਼ਟਰਪਤੀ ਨੇ ਡੈਗਰ ਜੰਗੀ ਯਾਦਗਾਰ ’ਤੇ ਕਿਤਾਬ ’ਚ ਆਪਣੇ ਸੰਦੇਸ਼ ’ਚ ਕਿਹਾ, ‘ਦੇਸ਼ ਸੈਨਿਕਾਂ ਅਤੇ 19ਵੀਂ ਇਨਫੈਂਟਰੀ ਡਿਵੀਜਨ ਦੇ ਅਧਿਕਾਰੀਆਂ ਨੂੰ ਸਲਾਮ ਕਰਦਾ ਹੈ, ਜੋ ਮੂਹਰਲੇ ਮੁਹਾਜ ’ਤੇ ਸੈਨਿਕ ਵਜੋਂ ਉਲਟ ਮੌਸਮੀ ਸਥਿਤੀਆਂ ’ਚ ਸਾਡੀਆਂ ਹੱਦਾਂ ਦੀ ਰੱਖਿਆ ਕਰਦੇ ਹਨ।’ ਉਨ੍ਹਾਂ ਕਿਹਾ, ‘ਯਾਦਗਾਰ ਦੇਸ਼ ਦੀ ਰੱਖਿਆ ਅਤੇ ਸੁਰੱਖਿਆ ਲਈ ਜਾਨਾਂ ਵਾਰਨ ਵਾਲੇ ਸੈਨਿਕਾਂ ਪ੍ਰਤੀ ਅਥਾਹ ਸਨਮਾਨ ਦੀ ਪ੍ਰਤੀਕ ਹੈ।



## 2 ਮੈਂਬਰੀ ਕਮੇਟੀ ਕਰੇਗੀ ਪੱਛਮੀ ਬੰਗਾਲ ਵਿਚ ਪੈਗਾਸਸ ਜਾਸੂਸੀ ਦੀ ਜਾਂਚ

**ਕੋਲਕਾਤਾ/ਲੋਕ ਬਾਣੀ**

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੋਮਵਾਰ ਨੂੰ ਕਿਹਾ ਕਿ ਇਜਰਾਈਲ ਦੇ ਸਪਾਈਵੇਅਰ ਪੈਗਾਸਸ ਰਾਹੀਂ ਸਿਆਸਤਦਾਨਾਂ, ਅਧਿਕਾਰੀਆਂ ਅਤੇ ਪੱਤਰਕਾਰਾਂ ਦੀ ਜਾਸੂਸੀ ਕਰਵਾਏ ਜਾਣ ਦੇ ਦੋਸਾਂ ਦੀ ਜਾਂਚ ਲਈ ਉਨ੍ਹਾਂ ਦੀ ਸਰਕਾਰ ਨੇ ਦੋ ਮੈਂਬਰੀ ਜਾਂਚ ਕਮਿਸਨ ਕਾਇਮ ਕੀਤਾ ਹੈ। ਪੈਨਲ ਕਾਇਮ ਕਰਨ ਦਾ ਫੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਵਿੱਚ ਸੋਮਵਾਰ ਨੂੰ ਹੋਈ ਕੈਬਨਿਟ ਦੀ ਵਿਸ਼ੇਸ਼ ਮੀਟਿੰਗ ’ਚ ਕੀਤਾ ਗਿਆ। ਪੈਨਲ ਦੇ ਮੈਂਬਰ ਸੇਵਾਮੁਕਤ ਜੱਜ ਹਨ। ਮਮਤਾ ਬੈਨਰਜੀ ਨੇ ਕਿਹਾ, ‘ਅਸੀਂ ਸੋਚਿਆ ਸੀ ਕਿ ਫੋਨ ਹੈਕਿੰਗ ਦੀ ਜਾਂਚ ਲਈ ਕੇਂਦਰ ਜਾਂਚ ਕਮਿਸਨ ਕਾਇਮ ਕਰੇਗਾ ਜਾਂ ਅਦਾਲਤ ਦੀ ਨਿਗਰਾਨੀ ਹੇਠ ਜਾਂਚ ਦੇ ਆਦੇਸ ਦਿੱਤੇ ਜਾਣਗੇ, ਪਰ ਸਰਕਾਰ ਕੁਝ ਨਹੀਂ ਕਰ ਰਹੀ... ਇਸ ਲਈ ਅਸੀਂ ‘ਜਾਂਚ ਕਮਿਸਨ’ ਨਾਲ ਇਸ ਮਾਮਲੇ ਦੀ ਜਾਂਚ ਕਰਨ ਦਾ ਫੈਸਲਾ ਕੀਤਾ ਹੈ।’



## ਪਾਕਿਸਤਾਨ ਦੇ ਕਸ਼ਮੀਰ ਵਿਚ ਹੋਇਆ ਚੋਣਾਂ ਦੌਰਾਨ ਇਮਰਾਨ ਖਾਨ ਦੀ ਪਾਰਟੀ ਦੀ ਰਹੀ ਪਕੜ

**ਇਸਲਾਮਾਬਾਦ/ਲੋਕ ਬਾਣੀ**

ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀਟੀਆਈ) ਪਾਕਿਸਤਾਨ ਦੇ ਕਬਜੇ ਵਾਲੇ ਕਸਮੀਰ (ਪੀਓਕੇ) ਵਿਚ ਹੋਈਆਂ ਚੋਣਾਂ ਵਿਚ ਇਕਲੌਤੀ ਵੱਡੀ ਪਾਰਟੀ ਵਜੋਂ ਉੱਭਰੀ ਹੈ ਅਤੇ ਓੱਥੇ ਆਪਣੀ ਸਰਕਾਰ ਬਣੇਗੀ। ਹਾਲਾਂਕਿ, ਚੋਣਾਂ ’ਚ ਧਾਂਦਲੀ ਅਤੇ ਹਿੰਸਾ ਦੇ ਦੋਸ ਵੀ ਲਾਏ ਗਏ ਹਨ। ਸਥਾਨਕ ਮੀਡੀਆ ਨੇ ਅਣਅਧਿਕਾਰਤ ਨਤੀਜਿਆਂ ਦਾ ਹਵਾਲਾ ਨਾਲ ਇਹ ਜਾਣਕਾਰੀ ਦਿੱਤੀ ਹੈ। ਅਧਿਕਾਰਤ ‘ਰੇਡੀਓ ਪਾਕਿਸਤਾਨ’ ਖਬਰਾਂ ਅਨੁਸਾਰ ਪੀਟੀਆਈ ਨੇ 23 ਸੀਟਾਂ ਜਿੱਤੀਆਂ ਹਨ, ਜਦੋਂਕਿ ਪਾਕਿਸਤਾਨ ਪੀਪਲਜ ਪਾਰਟੀ (ਪੀਪੀਪੀ) 8 ਸੀਟਾਂ ਨਾਲ ਦੂਜੇ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ (ਪੀਐਮਐੱਲ-ਐੱਨ), ਜੋ ਇਸ ਵੇਲੇ ਸੱਤਾ ਵਿੱਚ ਹੈ, ਨੂੰ ਸਿਰਫ 6 ਸੀਟਾਂ ਮਿਲੀਆਂ ਹਨ।



## ਅੰਮ੍ਰਿਤਸਰ ਤੋਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕਬਾਣੀ ਅਖਬਾਰ ਵੱਲੋਂ ਅੰਮ੍ਰਿਤਸਰ ਤੋਂ ਪਰਗਟ ਸਿੰਘ ਭੰਗੂ ਨੂੰ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ। ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।
9915585253

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਅਮਰ ਰਹੇਗਾ ਕਾਰਗਿਲ ਲੜਾਈ ਦੇ ਸ਼ਹੀਦਾਂ ਦਾ ਨਾਮ : ਰਣਜੀਤ ਸਿੰਘ ਖੋਜੇਵਾਲ



**ਕਪੂਰਥਲਾ/ਪਰਮਜੀਤ ਸੰਨੀ**

ਅਕਾਲੀ ਦਲ ਨੇ ਸੋਮਵਾਰ ਨੂੰ ਕਰਗਿਲ ਫਤਹਿ ਦਿਨ ਦੀ 22ਵੀ ਵਰ੍ਹੇ ਗੰਢ ਉੱਤੇ ਪਾਕਿਸਤਾਨ ਦੇ ਨਾਲ ਹੋਈ ਇਸ ਲੜਾਈ ਦੇ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਬਹਾਦਰੀ ਹਰ ਦਿਨ ਦੇਸ਼ਵਾਸੀਆਂ ਨੂੰ ਪ੍ਰੇਰਿਤ ਕਰਦੀ ਹੈ ।ਅਸੀ ਉਨ੍ਹਾਂ ਦੇ ਬਲੀਦਾਨਾਂ ਨੂੰ ਯਾਦ ਕਰਦੇ ਹਾਂ ।ਅਸੀ ਉਨ੍ਹਾਂ ਦੀ ਬਹਾਦਰੀ ਨੂੰ ਯਾਦ ਕਰਦੇ ਹਾਂ ।ਅੱਜ ਕਰਗਿਲ ਫਤਹਿ ਦਿਨ ਦੇ ਮੌਕੇ ਤੇ ਅਸੀ ਉਨ੍ਹਾਂ ਸਾਰੀਆਂ ਨੂੰ ਸ਼ਰਧਾਂਜਲੀ ਭੇਂਟਕਰਦੇ ਹਾਂ,ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਕਰਦੇ ਹੋਏ ਕਰਗਿਲ ਵਿੱਚ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਅਦਿ ਨਾਰੀਆਂ ਦੇ ਨਾਲ ਪੂਰਾ ਜਲੌਖਾਨਾ ਚੌਂਕ ਦੇਸ਼ ਭਗਤੀ ਦੇ ਰੰਗ ਵਿੱਚ ਰੰਗ ਗਿਆ ।ਇਸ ਮੌਕੇ ਤੇ ਅਕਾਲੀ ਦਲ ਪੀਏਸੀ ਕਮੇਟੀ ਦੇ ਮੈਂਬਰ ਜਥੇਦਾਰ ਰਣਜੀਤ ਸਿੰਘ ਖੋਜੇਵਾਲ ਨੇ ਜਲੋਖਾਨਾ ਚੌਂਕ ਵਿੱਖੇ ਕਾਰਗਿਲ ਸ਼ਹੀਦ ਡਿਪਟੀ ਕਮਾਂਡੈਂਟ ਮਹਿੰਦਰਰਾਜ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਨ੍ਹਾਂਨੂੰ ਸਲਾਮ ਕਰਦਾ ਹਾਂ,ਕਾਰਗਿਲ ਲੜਾਈ ਦੇ ਦੌਰਾਨ ਉਨ੍ਹਾਂ ਦਾ ਸਾਹਸ ਅਤੇ ਪਰਾਕਰਮ ਅਮਰ ਹੈ ।ਉਨ੍ਹਾਂ ਦੇ ਵੀਰਤਾਪੂਰਣ ਕਾਰਜ ਨੂੰ ਰਾਸ਼ਟਰ ਦੇ ਇਤਹਾਸ ਵਿੱਚ ਉਨ੍ਹਾਂ ਪਲਾਂ ਨੂੰ ਯਾਦ ਕਰਦੀ ਰਹੇਂਗੀ ।ਉਨ੍ਹਾਂਨੇ ਕਿਹਾ ਕਿ ਨਾਇਕ ਕਦੇ ਨਹੀਂ ਮਰਦੇ ਹਨ ਅਤੇ ਜੇਕਰ ਅਜਿਹਾ ਹੁੰਦਾ ਹੈ,ਤਾਂ ਉਹ ਲੋਕਾਂ ਦੇ ਦਿਲਾਂ ਵਿੱਚ ਜਿੰਦਾ ਰਹਿੰਦੇ ਹਨ ।ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ 22 ਸਾਲ ਪਹਿਲਾ ਪਾਕ ਦੇ ਨਾਪਾਕ ਇਰਾਦੀਆਂ ਨੂੰ ਕੁਚਲਦੇ ਹੋਏ ਹਿੰਦ ਫੌਜ ਦੇ ਸ਼ੂਰਵੀਰਾ ਨੇ 26 ਜੁਲਾਈ ਨੂੰ ਕਾਰਗਿਲ ਵਾਰ ਵਿੱਚ ਦੁਸ਼ਮਨਾਂ ਨੂੰ ਆਪਣੀ ਸਰਹਦ ਤੋਂ ਖਦੇੜ ਕੇ ਬਹਾਦਰੀ ਦੀ ਇਬਾਰਤ ਆਪਣੇ ਨਾਮ ਲਿਖੀ ਸੀ ।14 ਮਈ 1999 ਤੋਂ 26 ਜੁਲਾਈ 1999 ਤੱਕ ਲੜੀ ਇਸ ਅਘੋਸ਼ਿਤ ਲੜਾਈ ਵਿੱਚ ਪੰਜਾਬ ਪ੍ਰਦੇਸ਼ ਦੇ 66 ਦੇ ਕਰੀਬ ਸ਼ੂਰਵਿਰਾ ਨੇ ਸ਼ਹਾਦਤ ਦਾ ਜਾਮ ਪ੍ਰੀਤਮ ਸੀ ।ਜਿਸ ਵਿੱਚ ਜਿਲਾ ਕਪੂਰਥਲਾ ਦੇ ਕਈ ਬਹਾਦਰਾਂ ਨੇ ਵੀਰਗਤੀ ਪ੍ਰਾਪਤ ਕੀਤੀ ਸੀ ।ਹਾਲਾਂਕਿ ਕਾਰਗਿਲ ਆਪਰੇਸ਼ਨ ਵਿੱਚ ਦੇਸ਼ ਦੇ ਵੱਖ ਵੱਖ ਕੋਨੇ ਦੇ ਜਵਾਨਾਂ ਨੇ ਆਪਣੇ ਸੀਨੇ ਉੱਤੇ ਦੁਸ਼ਮਨਾਂ ਦੀਆਂ ਗੋਲੀਆਂ ਝੇਲਕੇ ਸ਼ਹਾਦਤ ਦਾ ਜਾਮ ਪੀਤਾ ਸੀ ।ਪਰ ਇਸ ਆਪਰੇਸ਼ਨ ਵਿੱਚ ਪੰਜਾਬ ਪ੍ਰਦੇਸ਼ ਦੇ ਜਵਾਨਾਂ ਨੇ ਵੀ ਆਪਣੀ ਬਹਾਦਰੀ ਦੇ ਕਾਰਨਾਮੇ ਦਿਖਾ ਕੇ ਦੁਨੀਆਂ ਨੂੰ ਉਂਗਲੀ ਤਲੇ ਦੰਦ ਦਬਾਉਣ ਨੂੰ ਮਜਬੂਰ ਕਰ ਦਿੱਤਾ ਸੀ ।ਉਨ੍ਹਾਂਨੇ ਕਿਹਾ ਕਿ ਭਾਰਤੀ ਫੌਜ ਨੇ ਪਾਕਿਸਤਾਨ ਦੀ ਫੌਜ ਨੂੰ ਮੂੰਹ ਤੋੜ ਜਬਾਬ ਦਿੱਤਾ ਅਤੇ 26 ਜੁਲਾਈ 1999 ਨੂੰ ਭਾਰਤੀ ਫੌਜ ਨੇ ਕਾਰਗਿਲ ਦੀ ਟਾਇਗਿਰ ਹਿੱਲ ਵਿੱਚ ਤਿਰੰਗਾ ਲਹਿਰਾ ਕੇ ਕਾਰਗਿਲ ਦੀਆ ਪਹਾੜੀਆਂ ਨੂੰ ਆਪਣੇ ਕੱਬਜੇ ਵਿੱਚ ਲਿਆ ਸੀ।

# ਔਲਖ ਦੀ ਅਗਵਾਈ 'ਚ ਸੈਂਕੜੇ ਪਰਿਵਾਰ ਆਪ ਵਿਚ ਸ਼ਾਮਿਲ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਸ੍ ਗੁਰਸੇਵਕ ਸਿੰਘ ਔਲਖ ਦੀ ਅਗਵਾਈ ਹੇਠਾਂ ਪਿੰਡ ਕੋਟ ਧਰਮ ਚੰਦ ਵਿਖੇ ਸ੍ ਗੁਰਜਿੰਦਰ ਸਿੰਘ ਦੇ ਗ੍ਰਹਿ ਵਿਖੇ ਅਹਿਮ ਮੀਟਿੰਗ ਹੋਈ ਇਸ ਮੌਕੇ ਸੈਂਕੜੇ ਪਰਿਵਾਰ ਆਪ ਚ ਸਾਮਿਲ ਹੋਏ। ਸਾਮਿਲ ਹੋਏ ਅਨੇਕਾ ਪਰਿਵਾਰਾਂ ਨੇ ਦਸਿਆ ਕਿ ਉਹ ਅਕਾਲੀ ਅਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੋਂ ਦੁਖੀ ਹਨ। ਵਧਦੀ ਹੋਈ ਮਹਿੰਗਾਈ ਨੇ ਗਰੀਬ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਹੁਣ ਸਿਰਫ ਆਸ ਦੀ ਕਿਰਨ ਬਚੀ ਹੈ ਤਾਂ ਉਹ ਆਮ ਆਦਮੀ ਪਾਰਟੀ ਹੈ। ਇਸ ਮੌਕੇ ਗੁਰਸੇਵਕ ਸਿੰਘ ਔਲਖ ਵਲੋ ਦਿੱਲ੍ਹੀ ਵਿਚ ਅਰਵਿੰਦ ਕੇਜਰੀਵਾਲ ਜੀ ਦੁਆਰਾ ਕੀਤੇ ਗਏ ਵਿਕਾਸ ਕਾਰਜਾਂ ਦੀ ਸਲਾਂਘਾ ਕੀਤੀ ਗਈ ਤੇ ਦਿੱਲ੍ਹੀ ਮਾਡਲ ਨੂੰ ਲੋਕਾ ਸਾਹਮਣੇ ਪੇਸ ਕੀਤਾ ਗਿਆ। ਪਿੰਡ ਦੇ ਲੋਕਾਂ ਨੇ ਵੀ ਆਮ ਆਦਮੀ ਪਾਰਟੀ ਦੇ ਦਿੱਲ੍ਹੀ ਵਿਚ ਕਿਤੇ ਵਿਕਾਸ ਕਾਰਜਾਂ ਦੀ ਤਾਰੀਫ ਕੀਤੀ ਤੇ ਔਲਖ ਨੂੰ ਵਿਸਵਾਸ ਦਵਾਇਆ ਕਿ ਇਸ ਵਾਰ ਖਡੂਰ ਸਾਹਿਬ ਹਲਕੇ ਵਿੱਚ ਇਤਿਹਾਸ ਸਿਰਜਿਆ ਜਾਵੇਗਾ ।ਅਕਾਲੀ ਤੇ ਕਾਂਗਰਸ ਪਾਰਟੀ ਨੂੰ ਲੋਕ ਨਕਾਰ ਕੇ ਆਮ ਆਦਮੀ ਪਾਰਟੀ ਨੂੰ ਵੱਡੀ ਲੀਡ ਨਾਲ ਜਤਾਉਣਗੇ। ਇਸ ਮੌਕੇ ਦਰਸਨ ਸਿੰਘ ਸਵਰਨ ਸਿੰਘ ਡਾ ਸੁਖਪਾਲ ਸਿੰਘ ਜਸਪ੍ਰੀਤ ਸਿੰਘ ਸਵਿੰਦਰ ਸਿੰਘ ਜਸਪਾਲ ਸਿੰਘ ਬਲਜਿੰਦਰ ਸਿੰਘ ਦਰਸ਼ਨ ਸਿੰਘ ਮਨਿੰਦਰ ਸਿੰਘ ਦਿਲਬਾਗ ਸਿੰਘ ਲਾਡੀ ਸਿੰਘ ਮੈਂਬਰ ਪੰਚਾਇਤ ਮੰਗਲ ਸਿੰਘ ਨੂੰ ਪਾਰਟੀ ਵਿਚ ਰਸਮੀ ਤੌਰ ਤੇ ਸਾਮਿਲ ਕੀਤਾ ਗਿਆ ਲਇਸ ਮੌਕੇ ਅਵਤਾਰ ਸਿੰਘ ਮਾਨੋਚਾਹਲ, ਹਰਪ੍ਰੀਤ ਸਿੰਘ ਖਾਨ ਛਾਪੜੀ ,ਰਣਜੀਤ ਸਿੰਘ ਪਵਾਰ,ਹਰਜਿੰਦਰ ਸਿੰਘ ਸਰਾਂ ,ਹਰਜਿੰਦਰਪਾਲ ਸਿੰਘ ,ਦਲਜੀਤ ਸਿੰਘ,ਨੀਲ ਕਮਲ ਜੋਸੀ ਹਾਜਿਰ ਸਨ।

# ਗੁੱਡਨਾਈਟ ਨੇ ਗੁੱਡਨਾਈਟ ਗੋਲਡ ਫਲੈਸ ਲਵੈਂਡਰ ਵੇਰੀਐਂਟ ਕੀਤਾ ਲਾਂਚ

**ਲੁਧਿਆਣਾ /ਲੋਕ ਬਾਣੀ**

ਭਾਰਤ ਦੇ ਪ੍ਰਮੁੱਖ ਘਰੇਲੂ ਕੀਟਨਾਸਕ ਬ੍ਰਾਂਡ ਗੁੱਡਨਾਈਟ ਨੇ ਗੁੱਡਨਾਈਟ ਗੋਲਡ ਫਲੈਸ ਲਵੈਂਡਰ ਲਾਂਚ ਕਰਕੇ ਭਾਰਤ ਵਿਚ ਆਪਣੇ ਸਭ ਤੋਂ ਦਮਦਾਰ ਲਿਕੁਇਡ ਵੇਪਰਾਈਜ਼ਰ ਗੋਲਡ ਫਲੈਸ ਦੇ ਪੋਰਟਫੋਲੀਓ ਦਾ ਵਿਸਥਾਰ ਕੀਤਾ ਹੈ। ਵਾਤਾਵਰਣ ਨੂੰ ਮਨਮੋਹਕ ਬਣਾਉਣ ਦੇ ਨਾਲ - ਨਾਲ ਪਰਿਵਾਰਾਂ ਨੂੰ ਮੱਛਰਾਂ ਤੋਂ ਬਚਾਉਣ ਦੀ ਜਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ , ਬ੍ਰਾਂਡ ਨੇ ਇਸ ਵੇਰੀਏਂਟ ਨੂੰ ਲਾਂਚ ਕੀਤਾ ਹੈ ।ਗੁੱਡ ਨਾਈਟ ਗੋਲਡ ਫਲੈਸ ਲਵੈਂਡਰ ਸਭ ਤੋਂ ਸਕਤੀਸਾਲੀ ਲਿਕੁਇਡ ਵੇਪਰਾਈਜ਼ਰ ਹੈ,ਜਿਸਦੇ ਫਲੈਸ ਵੇਪਰਜ਼ ਦੁਆਰਾ ਇਸਦੀ ਪ੍ਰਭਾਵਸੀਲਤਾ ਦਾ ਪ੍ਰਤੱਖ ਪ੍ਰਮਾਣ ਦੇਖਿਆ ਜਾ ਸਕਦਾ ਹੈ। ਇਹ ਸ਼ੁਰੂਆਤੀ 30 ਮਿੰਟਾਂ ਲਈ ਲਵੈਂਡਰ ਦੇ ਸੁਗੰਧਿਤ ਫਲੈਸ ਵੇਪਰਜ਼ ਛੱਡਦਾ ਹੈ ਅਤੇ ਫਿਰ, ਆਪਣੇ ਆਪ ਨਾਰਮਲ ਮੋਡ ਵਿਚ ਵਾਪਸ ਆ ਜਾਂਦਾ ਹੈ। ਇਹ ਹਰ ਕੋਨੇ ਵਿਚ ਲੁਕੇ ਹੋਏ ਮੱਛਰਾਂ ਨੂੰ ਖਤਮ ਕਰ ਦਿੰਦਾ ਹੈ ਅਤੇ ਲਵੈਂਡਰ ਦੀ ਮਨਮੋਹਕ ਖੁਸਬੂ ਛੱਡਦਾ ਹੈ। ਹੀਟਿੰਗ ਤਕਨਾਲੋਜੀ ਦੇ ਨਾਲ-ਨਾਲ ਬਹੁਤ ਜਿਆਦਾ ਮਹੀਨ ਛੇਦਾ ਵਾਲੀ ਇਸਦੀ ਵਿਕ ਵਿਚੋਂ ਤੁਰੰਤ ਕਿਰਿਆਸੀਲ ਤੱਤ ਨਿਕਲਦੇ ਰਹਿੰਦੇ ਹਨ , ਅਤੇ ਸ਼ਾਨਦਾਰ ਅਸਰ ਦਿਖਾਉਂਦੇ ਹਨ । ਕੰਜ਼ਿਊਮਰਜ਼ ਲਿਕੁਇਡ ਵੇਪਰਾਈਜ਼ਰ ਦੀਆਂ ਨਵੀਆਂ ਫਰੇਗਨੇਸੇਜ਼ ਬੇਹੱਦ ਪਸੰਦ ਕਰਦੇ ਹਨ, ਅਤੇ ਲਵੈਂਡਰ ਦੀ ਮਨਮੋਹਕ ਖੁਸਬੂ ਤਾਂ ਸਾਰਿਆਂ ਨੂੰ ਬਹੁਤ ਪਸੰਦ ਆਉਂਦੀ ਹੈ । ਨਵਾਂ ਗੁੱਡ ਨਾਈਟ ਫਲੈਸ ਲਵੈਂਡਰ ਮੱਛਰਾਂ ਤੋਂ ਸੁਰੱਖਿਆ ਦੇ ਭਰੋਸੇ ਦੇ ਨਾਲ-ਨਾਲ ਅਤੇ ਖੁਸ਼ਬੂਦਾਰ ਤਾਜਗੀ ਭਰਭੂਰ ਵਾਤਾਵਰਨ ਪ੍ਰਦਾਨ ਕਰਦਾ ਹੈ। ਗੋਦਰੇਜ ਕੰਜ਼ਿਊਮਰ ਪ੍ਰੋਡਕਟਸ ਲਿਮਟਿਡ (ਜੀਸੀਪੀਐਲ) ਦੇ ਚੀਫ ਐਗਜੀਕਿਊਟਿਵ ਅਫਸਰ - ਇੰਡੀਆ ਐਂਡ ਸਾਰਕ, ਸੁਨੀਲ ਕਟਾਰੀਆ ਨੇ ਇਸ ਨਵੀਂ ਸੁਰੂਆਤ ਬਾਰੇ ਬੋਲਦਿਆਂ ਕਿਹਾ ਕਿ , "ਘਰੇਲੂ ਕੀਟਨਾਸਕਾਂ ਲਈ ਮਾਰਕੀਟ ਵਿਚ ਪ੍ਰਮੁੱਖ ਹੋਣ ਦੇ ਨਾਤੇ , ਗੁੱਡ ਨਾਈਟ 'ਤੇ ਹਮੇਸਾਂ ਭਾਰਤ ਦੇ ਖਪਤਕਾਰਾਂ ਦੇ ਭਰੋਸੇ ਰਿਹਾ ਹੈ। ਅਸੀਂ ਅਜਿਹੇ ਨਵੇਂ -ਨਵੇਂ ਸਮਾਧਾਨ ਪ੍ਰਦਾਨ ਕਰਕੇ ਇਸ ਸ਼੍ਰੇਣੀ ਵਿੱਚ ਸਰਬੋਤਮ ਉਤਪਾਦ ਦੇ ਨਾਲ ਮੋਹਰੀ ਰਹਿਣ ਵਿਚ ਵਿਸਵਾਸ ਰੱਖਦੇ ਹਾਂ , ਤਾਂ ਕਿ ਉਪਭੋਗਤਾਵਾਂ ਦੀ ਵੇਕਟਰ - ਬੌਰਨ ਬਿਮਾਰੀਆਂ ਜਿਵੇਂ ਕਿ ਮਲੇਰੀਆ ਅਤੇ ਡੇਂਗੂ ਆਦਿ ਤੋਂ ਬਚਾਉਣ ਵਿੱਚ ਸਹਾਇਤਾ ਕਰ ਸਕੀਏ .ਕੰਜਿਉਮਰਜ਼ 'ਤੇ ਕੀਤੀ ਗਈ ਰਿਸਰਚ ਦੇ ਅਧਾਰ 'ਤੇ ਅਸੀਂ ਜਾਣਦੇ ਹਾਂ ਕਿ ਉਪਭੋਗਤਾਵਾਂ ਨੂੰ ਫਰੇਗਨੈਂਸਜ ਬਹੁਤ ਪਸੰਦ ਹਨ।




# ਇਨਰਵਹੀਲ ਕਲੱਬ ਮੋਗਾ ਰਾਇਲ ਨੇ ਜਰੂਰਤਮੰਦ ਪਰਵਾਰਾਂ ਨੂੰ ਵੰਡੇ ਪੰਖੇ




**ਮੋਗਾ/ਪ੍ਰੇਮ ਸਰਮਾ**

ਪਿਛਲੇ ਕੁੱਝ ਦਿਨਾਂ ਤੋ ਪੈ ਰਹੀ ਕੜਾਕੇ ਦੀ ਗਰਮੀ ਨੂੰ ਵੇਖਦੇ ਹੋਏ ਐਤਵਾਰ ਦੀ ਸ਼ਾਮ ਇਨਰਵਹੀਲ ਕਲੱਬ ਮੋਗਾ ਰਾਇਲ ਵਲੋ 25 ਜਰੂਰਤਮੰਦ ਪਰਵਾਰਾਂ ਨੂੰ ਸੀਲਿੰਗ ਫੈਨ (ਪੰਖੇ) ਵੰਡੇ ਗਏ ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਅਕਾਲੀਦਲ ਦੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਬਰਾੜ ਦੀ ਪਤਨੀ ਤਜਿੰਦਰ ਕੋਰ ਵਿਸ਼ੇਸ਼ ਤੌਰ ਤੇ ਪਜੇ ਉਹਨਾ ਇਨਰਵਹੀਲ ਕਲੱਬ ਵਲੋ ਕੀਤੇ ਜਾ ਰਹੇ ਕੰਮਾਂ ਦੀ ਸਲਾਘਾ ਵੀ ਕੀਤੀ ਸਮਾਗਮ ਦੀ ਸ਼ੁਰੁਆਤ ਰਾਸ਼ਟਰੀ ਗਾਨ ਦੇ ਨਾਲ ਹੋਈ ਓਥੇ ਹੀ ਸਟੇਜ ਦੀ ਭੂਮਿਕਾ ਸਕੱਤਰ ਦੀਪਿਕਾ ਮਿੱਤਲ ਤੇ ਸਰਿਤਾ ਸੂਦ ਨੇ ਬਖੂਬੀ ਨਿਭਾਈ। ਇਸ ਮੌਕੇ ਇਨਰਵਹੀਲ ਕਲੱਬ ਮੋਗਾ ਰਾਇਲ ਦੀ ਪ੍ਰਧਾਨ ਬਾਲਾ ਖੰਨਾ ਨੇ ਦੱਸਿਆ ਕਿ ਇਸਤੋਂ ਪਹਿਲਾਂ ਵੀ ਇਨਰਵਹੀਲ ਕਲੱਬ ਵਲੋ ਸਮੇ ਸਮੇ ਤੇ ਜਰੂਰਤਮੰਦ ਪਰਵਾਰਾਂ ਨੂੰ ਮਦਦ ਦਿੱਤੀ ਜਾਂਦੀ ਹੈ ਕਲੱਬ ਵਲੋ ਗਰਮੀ ਨੂੰ ਵੇਖਦੇ ਹੋਏ 25 ਅਜਿਹੇ ਜਰੂਰਤਮੰਦ ਪਰਵਾਰਾਂ ਦੀ ਭਾਲ ਕੀਤੀ ਗਈ ਜਿਨ੍ਹਾਂ ਦੇ ਘਰ ਵਿੱਚ ਮੈਂਬਰ ਤਾਂ ਜਿਆਦਾ ਹਨ ਪਰ ਪੱਖਾ ਕੇਵਲ ਇੱਕ ਹੀ ਸੀ ਉਨ੍ਹਾਂ ਪਰਵਾਰਾਂ ਨੂੰ ਅੱਜ ਛੱਤ ਤੇ ਲੱਗਣ ਵਾਲੇ ਪੰਖੇ ਭੇਂਟ ਕੀਤੇ ਗਏ ਹਨ। ਓਥੇ ਹੀ ਮੁੱਖ ਮਹਿਮਾਨ ਤੇਜਿੰਦਰ ਕੌਰ ਨੇ ਕਲੱਬ ਮੈਬਰਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜੇਕਰ ਹਰ ਕੋਈ ਵਿਅਕਤੀ ਆਪਣੀ ਸੋਚ ਇੰਨਾ ਦੀ ਤਰ੍ਹਾਂ ਬਣਾ ਲਵੇ ਤਾਂ ਹਰ ਜਰੂਰਤਮੰਦ ਦੀ ਜਰੂਰਤ ਪੂਰੀ ਹੋ ਸਕਦੀ ਹੈ ।ਇਸ ਮੌਕੇ ਕਲੱਬ ਪ੍ਰਧਾਨ ਬਾਲਾ ਖੰਨਾ, ਸਕੱਤਰ ਦੀਪਿਕਾ ਮਿੱਤਲ, ਖਜਾਂਚੀ ਰਿਆ ਅਰੋੜਾ, ਸਿਮਰ ਗਿਲ, ਤਨਵੀਰ ਕੌਰ, ਹਰਵੀਨ ਕੌਰ, ਲਕਸ਼ਮੀ ਮੋਰਿਆ, ਮੀਨਾਕਸ਼ੀ, ਆਂਚਲ ਗਰੋਵਰ, ਦੇ ਇਲਾਵਾ ਹੋਰ ਮੈਂਬਰ ਮੌਜੂਦ ਸਨ।

# ਕਾਂਗਰਸ ਸਰਕਾਰ ਦੀਆਂ ਨਕਾਮੀਆਂ ਨੂੰ ਲੋਕ ਨਹੀਂ ਬਖਸਣਗੇ : ਪ੍ਰੋ. ਵਿਰਸਾ ਸਿੰਘ ਵਲਟੋਹਾ

**ਤਰਨਤਾਰਨ/ਲਖਵਿੰਦਰ ਸਿੰਘ ਗੌਲ੍ਹਣ/ਰਿੰਪਲ ਗੌਲ੍ਹਣ**



ਸਾਢੇ ਚਾਰ ਸਾਲ ਦੀ ਨਿਕੰਮੀ ਕਾਰਗੁਜਾਰੀ 'ਤੇ ਪਰਦਾ ਪਾਉਣ ਲਈ ਕਾਂਗਰਸ ਸਰਕਾਰ ਪ੍ਰਧਾਨ ਬਦਲ ਕੇ ਸੂਬੇ ਦੇ ਲੋਕਾਂ ਨੂੰ ਨਵਾਂ ਨਾਟਕ ਦਿਖਾ ਕੇ ਵੋਟਾਂ ਬਟੋਰਨੀਆ ਚਾਹੁੰਦੀ ਹੈ। ਪਰ ਸੂਬੇ ਦੇ ਲੋਕ ਇਸ ਨੂੰ ਚਲਦਾ ਕਰਨ ਲਈ ਪੱਕਾ ਮਨ ਬਣਾਈ ਬੈਠੇ ਹਨ ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਹਲਕਾ ਖੇਮਰਕਰਨ ਤੋਂ ਸਾਬਕਾ ਵਿਧਾਇਕ ਪ੍ਰੋ: ਵਿਰਸਾ ਸਿੰਘ ਵਲਟੋਹਾ ਨੇ ਕੀਤਾ ।ਉਨ੍ਹਾਂ ਕਿਹਾ ਕਿ ਲੋਕ ਕਿਸੇ ਵਿਅਕਤੀ ਨੂੰ ਨਹੀਂ ਸਗੋਂ ਕੀਤੇ ਗਏ ਕੰਮਾਂ ਨੂੰ ਵੋਟ ਦਿੰਦੇ ਹਨ ।ਉਨ੍ਹਾਂ ਕਿਹਾ ਕਿ ਹੁਣ ਪਿੰਡਾਂ ਦੀਆਂ ਸੱਥਾਂ ਵਿੱਚ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੋਏ ਵਿਕਾਸ ਕਾਰਜਾਂ ਦੀ ਚਰਚਾ ਚੋਣਾਂ ਤੋਂ ਪਹਿਲਾਂ ਹੋਣ ਵੀ ਲੱਗ ਪਈ ਹੈ ।ਉਨ੍ਹਾਂ ਕਿਹਾ ਕਿ ਲੋਕ ਹੁਣ ਕਾਂਗਰਸ ਦੀਆਂ ਲੱਛੇਦਾਰ ਗੱਲਾਂ ਵਿੱਚ ਆਉਣ ਵਾਲੇ ਨਹੀਂ ਹਨ ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਦੇ ਕਾਰਜਕਾਲ ਦੌਰਾਨ ਕੋਈ ਕੰਮ ਕੀਤਾ ਹੈ । ਤਾਂ ਉਸਦੀ ਗੱਲ ਕਰਨ । ਵਲਟੋਹਾ ਨੇ ਕਿਹਾ ਕਿ ਲੋਕ ਸਿੱਧੂ ਦੇ ਚੌਕੇ-ਛੱਕੇ ਪਹਿਲਾਂ ਵੀ ਟੈਲੀਵਿਜਨਾਂ 'ਤੇ ਬਥੇਰੇ ਵੇਖ ਚੁੱਕੇ ਹਨ । ਉਨ੍ਹਾਂ ਕਿਹਾ ਕਿ ਕਿਹਾ ਕਿ ਹਰ ਪਾਰਟੀ ਨੂੰ ਆਪਣੀ ਮਾਂ ਕਹਿਣ ਵਾਲੇ ਸਿੱਧੂ ਨੂੰ ਪੰਜਾਬ ਦੇ ਅਣਖੀ ਲੋਕ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਪਾਰਟੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਸਬਕ ਸਿਖਾ ਕੇ ਭੇਜਣਗੇ ।

## ਸੁਖਵਿੰਦਰ ਸੋਹੀ ਹਮੀਰਾ ਨੂੰ ਸਦਮਾ, ਮਾਤਾ ਦਾ ਦਿਹਾਂਤ

**ਕਪੂਰਥਲਾ/ਜੀ ਐਸ** : ਪਿੰਡ ਹਮੀਰਾ ਤੋਂ ਸਮਾਜ ਸੇਵਕ ਸੁਖਵਿੰਦਰ ਸੋਹੀ ਦੀ ਮਾਤਾ ਜਸਵਿੰਦਰ ਕੌਰ ਮੈਂਬਰ ਪੰਚਾਇਤ ਪਤਨੀ ਜਸਬੀਰ ਸਿੰਘ ਦੀ ਅਚਾਨਕ ਦਿਲ ਦੀ ਧੜਕਨ ਰੁਕਣ ਕਾਰਣ ਦਿਹਾਂਤ ਹੋ ਗਿਆ। ਉਹਨਾ ਦਾ ਅੰਤਮ ਸੰਸਕਾਰ ਪਿੰਡ ਦੇ ਸਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ। ਉਹਨਾ ਦੇ ਦਿਹਾਂਤ ਤੇ ਡਾ ਅਰੁਣ ਸ਼ਰਮਾ, ਰਾਕੇਸ ਪੁੰਜ,ਵਿੱਕੀ ਭੰਮਰਾ ,ਬਲਜੀਤ ਸਿੰਘ ਢਿੱਲੋ, ਸੁਰਜੀਤ ਸਿੰਘ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



Website : www.lokbani.com
lokbani08@gmail.com


# ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਬਰਸਾਤੀ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਬਾਰੇ ਕੀਤਾ ਜਾਗਰੂਕ

**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਲੁਧਿਆਣਾ ਡਾ. ਕਿਰਨ ਆਹਲੂਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾਸ ਮੀਡੀਆ ਟੀਮ ਵੱਲੋਂਜ਼ ਗੈਸਟਰੋ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ, ਜਿੱਥੇ ਲੋਕਾਂ ਨੂੰ ਗਰਮੀ ਅਤੇ ਬਰਸਾਤਾਂ ਦੇ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਗਿਆ। ਡਾ.ਆਹਲੂਵਾਲੀਆਂ ਨੇ ਦੱਸਿਆ ਕਿ ਪੇਟ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਸਾਫ ਜਾਂ ਉਬਾਲਿਆ ਹੋਇਆ ਪਾਣੀ ਬਰਤਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਨਿੱਜੀ ਅਤੇ ਆਲ੍ਹੇਦੁਆਲੇ ਦੀ ਸਫਾਈ ਅਤਿ ਜ਼ਰੂਰੀ ਹੈ ਅਤੇ ਅਣ-ਢੱਕੀਆਂ ਚੀਜ਼ਾਂ, ਕੱਟੇ ਹੋਏ ਫੱਲ ਸਬਜ਼ੀਆਂ, ਜ਼ਿਆਦਾ ਪੱਕੇ ਅਤੇ ਕੱਚੇ ਫੱਲਾਂ ਦੀ ਵਰਤੋਂ ਨਾ ਕੀਤੀ ਜਾਵੇ ਉਨ੍ਹਾਂ ਅੱਗੇ ਦੱਸਿਆ ਕਿ ਟੱਟੀਆਂ - ਉਲਟੀਆਂ ਲੱਗਣ ਦੀ ਸੂਰਤ ਵਿੱਚ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਓ.ਆਰ.ਐਸ. ਅਤੇ ਜਿੰਕ ਦੀ ਵਰਤੋਂ ਕੀਤੀ ਜਾਵੇ ਅਤੇ ਜੇਕਰ ਓ.ਆਰ.ਐਸ. ਉਪਲੱਬਧ ਨਾ ਹੋਵੇ ਤਾਂ ਘਰ ਦਾ ਬਣਿਆ ਹੋਇਆ ਲੂਣ੍ਪਾਣੀ, ਚੀਨੀ ਅਤੇ ਨਿੰਬੂ ਦਾ ਘੋਲ ਵੀ ਲਿਆ ਜਾ ਸਕਦਾ ਹੈ ਤਾਂ ਜੋ ਸਰੀਰ ਵਿੱਚ ਹੋਣ ਵਾਲੀ ਪਾਣੀ ਦੀ ਕਮੀ ਅਤੇ ਖਣਿਜ਼ ਪਦਾਰਥਾਂ ਦੀ ਘਾਟ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਆਪਣੇ ਪਾਣੀ ਦੀ ਸਪਲਾਈ ਨੂੰ ਚੈਕ ਕੀਤਾ ਜਾਵੇ ਕਿ ਕਿੱਧਰੇ ਇਸ ਵਿੱਚ ਕੋਈ ਗੰਦਾ ਪਾਣੀ ਮਿਕਸ ਤਾਂ ਨਹੀਂ ਹੋ ਰਿਹਾ। ਜੇਕਰ ਹੋਵੇ ਤਾਂ, ਅਜਿਹੇ ਪਾਣੀ ਦੀ ਬਿਲਕੁੱਲ ਵੀ ਵਰਤੋਂ ਨਾ ਕੀਤੀ ਜਾਵੇ।




# ਭਾਰਤ ਭੂਸ਼ਣ ਆਸ਼ੂ ਵੱਲੋਂ ਅੱਜ ਭਾਈ ਰਣਧੀਰ ਸਿੰਘ ਨਗਰ ਵਿਖੇ ਅਤਿ ਆਧੁਨਿਕ ਸੀਨੀਅਰ ਸਿਟੀਜ਼ਨ ਹੋਮ ਦਾ ਰੱਖਿਆ ਨੀਂਹ ਪੱਥਰ



**ਲੁਧਿਆਣਾ/ਸੁਖਚੈਨ ਮਹਿਰਾ :** ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਵੱਲੋਂ ਅੱਜ ਸ਼ਹਿਰ ਦੇ ਭਾਈ ਰਣਧੀਰ ਸਿੰਘ ਨਗਰ ਦੇ ਬਲਾਕ-ਡੀ ਖੇਤਰ ਵਿਖੇ 700 ਵਰਗ ਗਜ਼ ਜ਼ਮੀਨ 'ਤੇ ਅਤੇ 50 ਲੱਖ ਰੁਪਏ ਦੀ ਲਾਗਤ ਵਾਲੇ ਨਵੇਂ ਅਤਿ ਆਧੁਨਿਕ ਸੀਨੀਅਰ ਸਿਟੀਜ਼ਨ ਹੋਮ ਦਾ ਨੀਂਹ ਪੱਥਰ ਰੱਖਿਆ। ਇਹ ਅਤਿ ਆਧੁਨਿਕ ਸੀਨੀਅਰ ਸਿਟੀਜ਼ਨ ਹੋਮ ਨਵੀਂ ਵਿਕਸਤ ਲਈਅਰ ਵੈਲੀ ਦੇ ਬਿਲਕੁੱਲ ਨੇੜੇ ਉਸਾਰਿਆ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਕਿਹਾ ਕਿ ਇਸ ਅਤਿ ਆਧੁਨਿਕ ਸੀਨੀਅਰ ਸਿਟੀਜ਼ਨ ਹੋਮ ਵਿਚ ਬਜ਼ੁਰਗ ਲੋਕਾਂ ਲਈ ਹਰ ਕਿਸਮ ਦੀਆਂ ਕਲਾ ਸਹੂਲਤਾਂ ਹੋਣਗੀਆਂ ਤਾਂ ਜੋ ਉਹ ਆਪਣਾ ਕੀਮਤੀ ਸਮਾਂ ਇੱਥੇ ਬਿਤਾ ਸਕਣ। ਉਨ੍ਹਾਂ ਕਿਹਾ ਕਿ ਅੱਜ ਨੀਂਹ ਪੱਥਰ ਰੱਖਿਆ ਗਿਆ ਹੈ, ਉਸਾਰੀ ਦਾ ਕੰਮ ਭਲਕੇ ਤੋਂ ਸ਼ੁਰੂ ਹੋ ਜਾਵੇਗਾ।

ਉਨ੍ਹਾਂ ਕਿਹਾ ਕਿ ਕੁੱਲ 700 ਵਰਗ ਗਜ਼ ਜ਼ਮੀਨ ਵਿਚੋਂ 500 ਵਰਗ ਗਜ਼ ਵਿੱਚ ਇਕ ਲਾਇਬ੍ਰੇਰੀ, ਹਾਲ, ਰਸੋਈ, ਪਖਾਨੇ ਆਦਿ ਦਾ ਨਿਰਮਾਣ ਹੋਵੇਗਾ, ਜਦੋਂਕਿ ਬਾਕੀ ਰਕਬੇ ਵਿਚ ਹਰੇ ਭਰੇ ਲਾਨ ਅਤੇ ਬੈਠਣ ਦੀ ਸਹੂਲਤ ਹੋਵੇਗੀ।

ਸ੍ਰੀ ਆਸ਼ੂ ਨੇ ਕਿਹਾ ਕਿ ਇਹ ਪ੍ਰੋਜੈਕਟ ਇਲਾਕਾ ਨਿਵਾਸੀਆਂ ਦੀ ਚਿਰੋਕਣੀ ਮੰਗ ਸੀ, ਪਰ ਕੋਵਿਡ-19 ਮਹਾਂਮਾਰੀ ਕਾਰਨ ਦੇਰੀ ਹੋਈ ਹੈ। ਉਨ੍ਹਾਂ ਹੁਣ ਭਰੋਸਾ ਦਿਵਾਇਆ ਕਿ ਵਰਕ ਆਰਡਰ ਪਹਿਲਾਂ ਹੀ ਜਾਰੀ ਹੋ ਚੁੱਕੇ ਹਨ, ਨਗਰ ਸੁਧਾਰ ਟਰੱਸਟ ਲੁਧਿਆਣਾ ਅਗਲੇ ਕੁਝ ਮਹੀਨਿਆਂ ਵਿੱਚ ਇਸ ਕੰਮ ਨੂੰ ਪੂਰਾ ਕਰ ਦੇਵੇਗਾ। ਇਸ ਮੌਕੇ ਉਨ੍ਹਾਂ ਇਹ ਭਰੋਸਾ ਵੀ ਦਿੱਤਾ ਕਿ ਆਧੁਨਿਕ ਫਰਨੀਚਰ ਦੇ ਨਾਲ ਹੋਰ ਅਜਿਹੀਆਂ ਸਹੂਲਤਾਂ ਵੀ ਸੀਨੀਅਰ ਸਿਟੀਜ਼ਨਜ਼ ਨੂੰ ਵੱਖਰੇ ਤੌਰ 'ਤੇ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਭਰੋਸਾ ਦਿੱਤਾ ਕਿ ਜੇ ਬਜ਼ੁਰਗ ਨਾਗਰਿਕ ਚਾਹੁੰਦੇ ਹਨ ਕਿ ਅਤਿ ਆਧੁਨਿਕ ਸੀਨੀਅਰ ਸਿਟੀਜ਼ਨ ਹੋਮ ਦੇ ਅੰਦਰ ਇੱਕ ਮੈਡੀਕਲ ਡਿਸਪੈਂਸਰੀ ਵੀ ਸਥਾਪਤ ਕੀਤੀ ਜਾਵੇ ਤਾਂ ਇਹ ਮੰਗ ਵੀ ਪਹਿਲ ਦੇ ਅਧਾਰ 'ਤੇ ਪੂਰੀ ਕੀਤੀ ਜਾਵੇਗੀ। ਇਸ ਮੌਕੇ ਹਾਜ਼ਰ ਪ੍ਰਮੁੱਖ ਸਖਸ਼ੀਅਤਾਂ ਵਿੱਚ ਮੇਅਰ ਸ੍ਰੀ ਬਲਕਾਰ ਸਿੰਘ ਸੰਧੂ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ੍ਰੀ ਰਮਨ ਬਾਲਾਸੁਬਰਾਮਨੀਅਮ, ਐਸ.ਪੀ. ਕਰਕਰਾ, ਨਿਗਮ ਕੌਸਲਰ ਸ.ਹਰੀ ਸਿੰਘ ਬਰਾੜ, ਸ੍ਰੀ ਸੰਨੀ ਭੱਲਾ, ਸੀਨੀਅਰ ਕਾਂਗਰਸੀ ਆਗੂ ਸ.ਬਲਜਿੰਦਰ ਸਿੰਘ ਸੰਧੂ, ਇੰਦਰਜੀਤ ਸਿੰਘ ਇੰਦੀ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਸੂਏ ਵਿੱਚ ਪਏ ਗੰਦ ਦੀਆਂ ਤਸਵੀਰਾਂ ਜੰਡਿਆਲਾ ਸ਼ਹਿਰ ਦੇ ਲੋਕ ਹਨ ਪ੍ਰੇਸ਼ਾਨ : ਸੋਨੂੰ ਜੰਡਿਆਲਾ

**ਅੰਮ੍ਰਿਤਸਰ/ਪਰਗਟ ਸਿੰਘ ਭੰਗੂ**




ਅੱਜ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਸਰਦਾਰ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਜੰਡਿਆਲਾ ਸ਼ਹਿਰ ਵਿਚੋਂ ਪਾਣੀ ਵਾਲੇ ਸੂਏ ਦੇ ਆਲੇ ਦੁਆਲੇ ਐਨਾ ਗੰਦ ਪਿਆ ਹੈ ਜਿਸ ਨਾਲ ਭਿਅੰਕਰ ਬੀਮਾਰੀਆਂ ਫੈਲਣ ਦਾ ਡਰ ਹੈ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਬੜੇ ਲੰਮੇ ਸਮੇਂ ਤੋਂ ਇਸ ਦੀ ਨਹਿਰ ਵਿਭਾਗ ਮਹਿਕਮੇ ਵੱਲੋਂ ਬਿਲਕੁਲ ਵੀ ਸਾਫ ਸਫਾਈ ਨਹੀਂ ਕੀਤੀ ਗਈ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਇਸ ਦੇ ਆਲੇ ਦੁਆਲੇ ਵੱਡੇ ਵੱਡੇ ਪੌਦੇ ਉੱਗੇ ਨੇ ਤੇ ਐਨਾ ਜ਼ਿਆਦਾ ਗੰਦ ਪਿਆ ਹੈ ਜਿਸ ਦੀਆਂ ਤੁਸੀਂ ਜਿੰਦਾ ਜਾਗਦੀਆਂ ਤਸਵੀਰਾਂ ਦੇਖ ਸਕਦੇ ਹੋ ਸੋਨੂ ਜੰਡਿਆਲਾ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਸਰਕਾਰ ਤੇ ਨਹਿਰੀ ਵਿਭਾਗ ਜਲਦ ਤੋਂ ਜਲਦ ਇਸ ਵੱਲ ਦੇਣ ਧਿਆਨ ਤੇ ਇਸ ਸੂਏ ਦੀ ਸਾਫ ਸਫਾਈ ਕਰਵਾਉਣ ਇਸ ਮੌਕੇ ਤੇ ਹਾਜ਼ਰ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਚੇਅਰਮੈਨ ਮਨੁੱਖੀ ਅਧਿਕਾਰ ਪਰਗਟ ਸਿੰਘ ਭੁਪਿੰਦਰ ਸਿੰਘ ਮਨਜਿੰਦਰ ਸਿੰਘ ਹੈਪੀ ਜੰਡਿਆਲਾ ਦਿਲਜੀਤ ਸਿੰਘ ਜਗਦੀਸ਼ ਸਿੰਘ ਗਗਨਦੀਪ ਸਿੰਘ ਆਦਿ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵੱਲੋਂ ਜਿਲ੍ਹੇ 'ਚ ਫਲ੍ਹਾਂ ਦੇ ਬੀਜਾਂ ਦੀਆਂ ਬਾਲਜ਼ (ਗੇਂਦਾ) ਵੰਡਣ ਦੀ ਸ਼ੁਰੂਆਤ



**ਲੁਧਿਆਣਾ/ਸੁਖਚੈਂਨ ਮਹਿਰਾ**

ਡਾਇਰੈਕਟਰ ਬਾਗਬਾਨੀ ਪੰਜਾਬ ਸ੍ਰੀਮਤੀ ਸੈਲੇਂਦਰ ਕੌਰ (ਆਈ.ਐਫ.ਐਸ.) ਦੀ ਅਗਵਾਈ ਹੇਠ ਜਿਲ੍ਹਾ ਲੁਧਿਆਣਾ ਵਿਖੇ ਫਲ੍ਹਾਂ ਦੇ ਰੁੱਖਾਂ ਵਿੱਚ ਵਾਧਾ ਕਰਨ ਦੇ ਉਦੇਸ਼ ਅਤੇ ਅੰਤਰ-ਰਾਜੀ ਸਾਲ 2021-22 ਨੂੰ ਮੁੱਖ ਰੱਖਦੇ ਫਲ੍ਹ/ਸਬਜੀਆਂ ਤਹਿਤ ਪੌਸ਼ਟਿਕ ਸੁਰੱਖਿਆ ਮੁਹਿੰਮ ਦਾ ਆਗਾਜ਼ ਮਾਨਯੋਗ ਸ੍ਰੀ ਅਮਿਤ ਕੁਮਾਰ ਪੰਚਾਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲੁਧਿਆਣਾ ਵੱਲੋਂ ਇਸ਼ਤਿਹਾਰ ਜਾਰੀ ਕਰਕੇ ਕੀਤਾ ਗਿਆ।



ਇਸ ਮੌਕੇ ਮੌਜੂਦ ਸ੍ਰੀ ਜਗਦੇਵ ਸਿੰਘ, ਡਿਪਟੀ ਡਾਇਰੈਕਟਰ ਬਾਗਬਾਨੀ, ਲੁਧਿਆਣਾ ਵੱਲੋਂ ਦੱਸਿਆ ਗਿਆ ਕਿ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਪੂਰੇ ਪੰਜਾਬ ਲਈ 2.5 ਲੱਖ ਫਲ੍ਹ ਬੀਜ ਗੇਂਦਾਂ ਤਿਆਰ ਕੀਤੀਆਂ ਗਈਆਂ ਹਨ, ਜਿਸ ਵਿੱਚੋਂ ਜਿਲ੍ਹਾ ਲੁਧਿਆਣਾ ਨੂੰ 13 ਹਜ਼ਾਰ ਫਲ੍ਹ ਬੀਜ ਗੇਂਦਾਂ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ। ਇਹ ਫਲ੍ਹ ਬੀਜ ਗੇਂਦਾਂ ਵਿੱਚ ਮਿੱਟੀ, ਦੇਸੀ ਰੂੜੀ ਅਤੇ ਕੋਕੋਪੀਟ ਮਿਸ਼ਰਨ ਦੀ ਵਰਤੋ ਕਰਕੇ ਤਿਆਰ ਕੀਤੀਆਂ ਗਈਆਂ ਹਨ ਅਤੇ ਇਹ ਫਲ੍ਹ ਬੀਜ ਗੇਂਦਾਂ ਜਿਲ੍ਹਾ ਲੁਧਿਆਣਾ ਵਿੱਚ ਬਲਾਕਵਾਰ ਬਾਗਬਾਨੀ ਵਿਕਾਸ ਅਫਸਰਾਂ ਵੱਲੋਂ ਕੈਂਪਾਂ ਰਾਹੀਂ ਪਿੰਡਾਂ ਦੀਆਂ ਪੰਚਾਇਤਾ, ਸਮਾਜ ਸੇਵੀ ਸੰਸਥਾਵਾਂ ਅਤੇ ਧਾਰਮਿਕ ਅਦਾਰਿਆਂ ਦੇ ਸਹਿਯੋਗ ਨਾਲ ਪਿੰਡਾਂ ਵਿੱਚ ਸਾਂਝੀਆਂ ਥਾਂਵਾਂ, ਸੜਕਾਂ ਅਤੇ ਨਹਿਰਾਂ ਦੇ ਕਿਨਾਰੇ, ਲਗਾਈਆਂ ਜਾਣੀਆਂ ਹਨ।

ਮੌਨਸੂਨ ਦਾ ਮੌਸਮ ਹੋਣ ਕਾਰਨ ਇਹ ਫਲ੍ਹ ਬੀਜ ਗੇਂਦਾਂ ਨੂੰ ਮਿੱਟੀ ਵਿੱਚ ਦਬਾਉਣ ਤੇ ਥੋੜੀ ਜਿਹੀ ਨਮੀ ਮਿਲਣ 'ਤੇ ਹੀ ਇਹ ਉੱਗ ਪੈਣਗੀਆਂ। ਇਸ ਨਾਲ ਜਿਥੇ ਜਿਲ੍ਹੇ ਵਿੱਚ ਫਲ੍ਹਾਂ ਦੇ ਰੁੱਖਾਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ ਉਥੇ ਆਮ ਲੋਕਾਂ ਵਿੱਚ ਬੂਟੇ ਲਗਾਉਣ ਦੇ ਰੁਝਾਣ ਵਿੱਚ ਵੀ ਵਾਧਾ ਹੋਵੇਗਾ। ਫਲ੍ਹਾਂ ਦੇ ਰੁੱਖਾਂ ਨਾਲ ਜਿਥੇ ਵਾਤਾਵਰਣ ਸਾਫ ਹੋਵੇਗਾ ਉਥੇ ਲੋੜਵੰਦ ਫਲ੍ਹਾਂ ਦੀ ਪੌਸ਼ਟਿਕਤਾ ਦਾ ਲਾਭ ਵੀ ਲੈ ਸਕਣਗੇ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਵੱਲੋਂ ਇਸ ਨਿਵੇਕਲੀ ਮੁਹਿੰਮ ਨੂੰ ਸਲਾਹਿਆ ਗਿਆ। ਇਸ ਮੌਕੇ ਸ੍ਰੀ ਬਲਕਾਰ ਸਿੰਘ, ਸਹਾਇਕ ਡਾਇਰੈਕਟਰ ਬਾਗਬਾਨੀ, ਲੁਧਿਆਣਾ, ਸ੍ਰੀਮਤੀ ਸਲਵੀਨ ਕੌਰ ਬਾਗਬਾਨੀ ਵਿਕਾਸ ਅਫਸਰ, ਸ੍ਰੀ ਦਿਲਬਾਗ ਸਿੰਘ ਮਾਲੀ, ਸ੍ਰੀ ਅਵਤਾਰ ਸਿੰਘ, ਸਹਾਇਕ ਪ੍ਰੋਜੈਕਟ ਅਫਸਰ, ਦਫਤਰ ਏ.ਡੀ.ਸੀ.(ਡੀ.) ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# ਗੁਰੂ ਕਿਊ ਨੇ 5,000 ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦੇ ਹੋਏ ਪੰਜਾਬ ਵਿੱਚ ਆਪਣਾ ਵਿਸਥਾਰ ਕੀਤਾ

**ਚੰਡੀਗੜ/ਲੋਕ ਬਾਣੀ**

ਭਾਰਤ ਵਿੱਚ ਪਾਰੰਪਰਕ ਸਿੱਖਿਆ ਉਦਯੋਗ ਵਿਦਿਆਰਥੀਆਂ ਦੁਆਰਾ ਉਪਚਾਰਕ ਸਿੱਖਿਆ ਹਾਸਿਲ ਕਰਨ ਲਈ ਸਕੂਲ ਅਤੇ ਟਿਊਸ਼ਨ ਜਾਣ ਤੇ ਨਿਰਭਰ ਕਰਦਾ ਸੀ। ਪਰ ਮਹਾਮਾਰੀ ਨੇ ਇਸ ਸਿੱਖਿਆ ਪ੍ਰਣਾਲੀ ਨੂੰ ਵੱਡੀ ਚੁਨੌਤੀ ਦਿੱਤੀ ਅਤੇ ਬਹੁਤ ਸਾਰੇ ਪੋਰਟਲ ਅਤੇ ਸੰਸਥਾਵਾਂ ਨਵੇਂ ਮਿਸ਼ਰਤ ਟਿਊਟਰਿੰਗ ਮਾਡਲ ਦੇ ਨਾਲ ਸਿੱਖਿਆ ਪ੍ਰਦਾਨ ਕਰਨ ਵਿੱਚ ਅਸਫਲ ਹੋਏ। ਪ੍ਰਮੁੱਖ ਟਿਊਟਰ ਪਲੈਟਫਾਰਮ ਗੁਰੂ ਕਿਊ ਨੇ 4000 ਟਿਊਟਰਾਂ ਨੂੰ ਪੰਜਾਬ ਦੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਵਿੱਚ ਮਦਦ ਕੀਤੀ ਹੈ। ਇਹ ਉਸ ਜਗ ਾ ਆੱਫਲਾਈਨ ਕਿਰਿਆਵਾਂ ਲਈ ਵੀ ਤਿਆਰ ਹੈ ਜਿੱਥੇ ਟਿਊਟਰ ਵਿਦਿਆਰਥੀਆਂ ਨੂੰ ਵਿਅਕਤੀਗਤ ਨਿੱਜੀਕ੍ਰਿਤ ਸਿੱਖਿਆਵਾਂ ਪ੍ਰਦਾਨ ਕਰ ਸਕਦੇ ਹਨ ਤਾਂ ਕਿ ਵਿਦਿਆਰਥੀਆਂ ਦੀ ਸਿੱਖਿਆ ਨੂੰ ਆੱਫਲਾਈਨ ਟੀਚਿੰਗ ਨਾਲ ਹੋਰ ਬਿਹਤਰ ਬਣਾਇਆ ਜਾ ਸਕੇ। ਗੁਰੂ ਕਿਊ ਤੁਹਾਨੂੰ ਕਿਫਾਇਤੀ ਬਜਟ ਵਿੱਚ ਤੁਹਾਡੇ ਕੋਲ ਉਪਲਬਧ ਸਮੇਂ ਅਨੁਸਾਰ ਕਲਾਸਾਂ ਲਗਾਉਣ ਦੀ ਅਜ਼ਾਦੀ ਦਿੰਦਾ ਹੈ। ਇੱਕ ਵਿਦਿਆਰਥੀ ਨਿੱਜੀਕ੍ਰਿਤ ਸਿੱਖਿਆ ਦੇ ਲਈ ਵਿਭਿੰਨ ਟਿਊਟਰਾਂ ਵਿੱਚੋਂ ਆਪਣੇ ਲਈ ਟਿਊਟਰ ਦੀ ਚੋਣ ਕਰ ਸਕਦਾ ਹੈ। ਜਿਸ ਸਮੇਂ ਬਹੁਤ ਸਾਰੇ ਪਲੈਟਫਾਰਮ ਆੱਫਲਾਈਨ ਕਲਾਸਾਂ ਦੀ ਸ਼ੁਰੂਆਤ ਕਰਨ ਲਈ ਪਾਬੰਦੀਆਂ ਦੇ ਹੱਟਣ ਦਾ ਇੰਤਜ਼ਾਰ ਕਰਦੇ ਹੋਏ ਸੰਘਰਸ਼ ਕਰ ਰਹੇ ਹਨ, ਗੁਰੂ ਕਿਊ ਪੰਜਾਬ ਦੇ ਵਿਦਿਆਰਥੀਆਂ ਨੂੰ ਆਪਣੀ ਮੈਂਟਰਸ਼ਿੱਪ ਦੇ ਨਾਲ ਫਾਇਦਾ ਪਹੁੰਚਾਉਣ ਲਈ ਬਿਲਕੁਲ ਤਿਆਰ ਹੈ। ਇਹ ਟਿਊਟਰ ਸਕੂਲੀ ਸਿੱਖਿਆ, ਪ੍ਰਤਿਯੋਗੀ ਪ੍ਰੀਖਿਆਵਾਂ, ਭਾਸ਼ਾ ਦੀ ਸਿੱਖਿਆ ਅਤੇ ਵਿਦੇਸ਼ਾਂ ਵਿੱਚ ਜਾ ਕੇ ਸਿੱਖਿਆ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਉਪਲਬਧ ਹਨ।




# ਗਿਆਨਦੀਪ ਮੰਚ ਵੱਲੋਂ ਪੁਸਤਕ "ਕਾਇਨਾਤ" ਲੋਕ ਅਰਪਣ

**ਪਟਿਆਲਾ/ਜਗਦੀਸ਼ ਰਾਇਕਾ :** ਗਿਆਨਦੀਪ ਸਾਹਿਤ ਸਾਧਨਾ ਮੰਚ ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਮੁੱਖ ਦਫਤਰ ਵਿਖੇ ਬਚਨ ਸਿੰਘ 'ਗੁਰਮ' ਦੀ ਕਾਵਿਪੁਸਤਕ "ਕਾਇਨਾਤ" ਨੂੰ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਕਰਮਜੀਤ ਕੌਰ ਵੱਲੋਂ ਕੁੱਝ ਚੋਣਵੇਂ ਸਾਹਿਤਕਾਰਾਂ ਦੀ ਹਾਜ਼ਰੀ ਵਿੱਚ ਲੋਕਅਰਪਣ ਕੀਤਾ ਗਿਆ। ਪੁਸਤਕ ਬਾਰੇ ਰਸਮੀ ਜਾਣਪਛਾਣ ਕਰਾਉਂਦਿਆਂ ਬਲਬੀਰ ਜਲਾਲਾਬਾਦੀ ਨੇ ਕਿਹਾ ਕਿ ਇਹ ਪੁਸਤਕ ਆਪਣੀ ਕਾਵਿਸੰਵੇਦਨਾ ਰਾਹੀਂ ਅਸਹਿਜ ਪ੍ਰਸਥਿਤੀਆਂ ਦੇ ਸਮਾਨੰਤਰ ਹੁਲਾਸ ਭਰੀ ਜਿੰਦਗੀ ਜਿਉਣ ਲਈ ਇਕ ਹਲੂਣਾਂ ਹੈ। ਛੋਟੇ ਪ੍ਰੰਤੂ ਭਾਵਪੂਰਤ ਸਮਾਗਮ ਵਿੱਚ ਡਾ. ਜੀ.ਐਸ. ਆਨੰਦ, ਸੁਖਮਿੰਦਰ ਸੇਖੋਂ ਅਤੇ ਬਾਬੂ ਰਾਮ ਦਿਵਾਨਾ ਨੇ ਵੀ ਵਿਚਾਰ ਸਾਂਝੇ ਕੀਤੇ।





# ਇੰਨਰਵੀਲ ਕਲੱਬ ਚਿਰਾਗ ਨੇ ਕਰਵਾਇਆ ਤੀਆਂ ਦੇ ਤਿਉਹਾਰ ਸਬੰਧੀ ਸਮਾਗਮ

## ਸਮੂਹ ਅਹੁੱਦੇਦਾਰਾਂ ਨੇ ਨਿਰੋਲ ਪੰਜਾਬੀ ਪਹਿਰਾਵੇ 'ਚ ਕੀਤੀ ਸ਼ਮੂਲੀਅਤ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਪੰਜਾਬ ਦੇ ਅਮੀਰ ਸੱਭਿਆਚਾਰ ਨਾਲ ਜੁੜੇ ਤੀਆਂ ਦੇ ਤਿਉਹਾਰ ਅਤੇ ਵਿਰਾਸਤ ਤੋਂ ਆਉਣ ਵਾਲੀਆਂ ਪੀੜੀਆਂ ਨੂੰ ਜਾਣੂ ਕਰਵਾਉਣ ਲਈ ਅੱਜ ਇੰਨਰਵੀਲ੍ਹ ਕਲੱਬ ਚਿਰਾਗ ਵੱਲੋਂ ਇਕ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਲੱਬ ਦੀਆਂ ਸਮੂਹ ਅਹੁੱਦੇਦਾਰਾਂ ਨੇ ਨਿਰੋਲ ਪੰਜਾਬੀ ਪਹਿਰਾਵੇ 'ਚ ਇਸ ਪ੍ਰੋਗਰਾਮ 'ਚ ਸ਼ਿਰਕਤ ਕੀਤੀ। ਇਸ ਦੌਰਾਨ ਚਾਰਟਰ ਪ੍ਰੈਜੀਡੈਂਟ ਸ਼ਰਧਾ ਮਹੰਤ, ਉਪਮਾ ਮਹਾਜਨ ਸਾਬਕਾ ਪ੍ਰਧਾਨ, ਸ਼ਿਖਾ ਮਦਾਨ ਪ੍ਰਧਾਨ, ਹਰਜਸਦੀਪ ਕੌਰ ਸਕੱਤਰ, ਸ਼ੀਤਲ ਗੁਪਤਾ ਕੋਆਰਡੀਨੇਟਰ, ਸ਼ੀਤਲ ਮਹਾਜਨ ਖਜਾਨਚੀ, ਡਾ. ਪੂਜਾ ਖੋਸਲਾ, ਰੂਹੀ ਗੋਸਾਈਂ ਐਡੀਟਰ, ਗੁਰਕਮਲ ਕੌਰ, ਨਵਨੀਤ ਕੌਰ, ਕੰਵਲਪ੍ਰੀਤ ਕੌਰ ਸਮੇਤ ਹੋਰ ਅਹੁੱਦੇਦਾਰਾਂ ਨੇ ਤੀਆਂ ਦੇ ਤਿਉਹਾਰ ਨਾਲ ਜੁੜੇ ਰੀਤੀ ਰਿਵਾਜਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਤੀਜ਼ ਕੁਈਨ ਦੀ ਚੋਣ ਕਰਨ ਲਈ ਮੁਕਾਬਲੇ ਵੀ ਕਰਵਾਏ ਗਏ ਜਿਸ ਦੌਰਾਨ ਭਾਗ ਲੈਣ ਵਾਲੀਆਂ ਮੈਂਬਰਾਂ ਨੇ ਬੋਲੀਆਂ ਪਾਈਆਂ ਅਤੇ ਸੱਭਿਆਚਾਰ ਨਾਲ ਜੁੜੇ ਸਵਾਲਾਂ ਦੇ ਜੁਆਬ ਦਿੱਤੇ। ਇਨਾਂ ਮੁਕਾਬਲਿਆਂ ਦੌਰਾਨ ਕਲੱਬ ਦੀ ਮੈਂਬਰ ਕੰਵਲਪ੍ਰੀਤ ਕੌਰ ਨੂੰ 'ਤੀਜ ਕੁਈਨ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ ਜਿਨਾਂ ਨੂੰ ਕਲੱਬ ਦੀ ਪ੍ਰਧਾਨ ਤੇ ਹੋਰ ਅਹੁੱਦੇਦਾਰਾਂ ਨੇ ਫੁਲਕਾਰੀ ਤੇ ਹੋਰ ਸਮਾਨ ਦੇ ਕੇ ਸਨਮਾਨਿਤ ਕੀਤਾ। ਇਸੇ ਮੰਤਵ ਦੀ ਪੂਰਤੀ ਲਈ ਇਨਰਵੀਲ ਕਲੱਬ ਚਿਰਾਗ ਵੱਲੋਂ ਅੱਜ ਇਹ ਪ੍ਰੋਗਰਾਮ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਇਹ ਯਤਨ ਜਾਰੀ ਰਹਿਣਗੇ।

### ਪਿੰਡ ਫਤਿਹ ਨੰਗਲ 'ਚ ਤੀਆਂ ਦਾ ਤਿਉਹਾਰ ਮਨਾਇਆ

**ਗੁਰਦਾਸਪੁਰ** ਵਿੱਚ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਪਿੰਡ ਫਤਿਹ ਨੰਗਲ ਦੀ ਵਾਟਰ ਸਪਲਾਈ ਗਰੌਂਡ ਵਿੱਚ ਮਨਦੀਪ ਕੌਰ ਵੱਲੋਂ ਸਮੂਹ ਪਿੰਡ ਦੀਆਂ ਤੀਆਂ ਦੇ ਸਹਿਯੋਗ ਨਾਲ ਗਿੱਧਾ ਅਤੇ ਬੋਲੀਆਂ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ । ਇਸ ਸਮੇਂ ਪਿੰਡ ਦੀਆਂ ਲੜਕੀਆਂ ਅਤੇ ਔਰਤਾਂ ਵੱਲੋਂ ਪੰਜਾਬੀ ਵਿਰਸੇ ਨਾਲ ਸਬੰਧਤ ਬੋਲੀਆਂ ਪਾਈਆਂ ਗਈਆਂ । ਇਸ ਸਮੇਂ ਮਨਦੀਪ ਕੌਰ ਵੱਲੋਂ ਤੀਆਂ ਦੇ ਤਿਉਹਾਰ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ । ਇਸ ਸਮੇਂ ਤੀਆਂ ਦਾ ਤਿਉਹਾਰ ਮਨਾਉਂਣ ਪਹੁੰਚੀਆਂ ਲੜਕੀਆਂ ਅਤੇ ਔਰਤਾਂ ਲਈ ਚਾਹ ਪਕੌੜੇ ਅਤੇ ਕੋਲਡ ਡਰਿੰਕ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ । ਇਸ ਸਮੇਂ ਗਗਨਦੀਪ ਕੌਰ, ਤਰਸੇਮ ਕੌਰ, ਪਰਮਜੀਤ ਕੌਰ, ਸੁਨੀਤਾ, ਬਲਵਿੰਦਰ ਕੌਰ , ਤਸਵੀਰੋ, ਸੁਦੇਸ਼ ਕੁਮਾਰੀ, ਪੂਨਮ, ਗੋਰੀ, ਆਦਿ ਹਾਜ਼ਰ ਸਨ ।

# ਵਾਟਰ ਸਪਲਾਈ ਸੈਨੀਟੇਸਨ ਵਿਭਾਗ ਦੇ ਵਰਕਰਾਂ ਨੇ ਦੁੱਖੀ ਹੋ ਕੇ ਕੀਤਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਵਰਕਰਾਂ ਨੇ ਸਰਕਾਰ ਦੇ ਲਾਰਿਆਂ ਤੋਂ ਦੁਖੀ ਹੋ ਕੇ ਅਤੇ 2 ਦਿਨ ਦੀ ਛੁੱਟੀ ਕਰ ਕੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਹੈ। ਜਲ੍ਹਿ ਸੀਨੀਅਰ ਮੀਤ ਪ੍ਰਧਾਨ ਬਿਪਨਪ੍ਰੀਤ ਸਿੰਘ ਹੁੰਦਲ, ਸੀਨੀਅਰ ਮੀਤ ਪ੍ਰਧਾਨ ਹਰਦੀਪ ਸਿੰਘ, ਦੀਪਕ ਕੁਮਾਰ, ਬਲਵਿੰਦਰ ਕੁਮਾਰ, ਰਾਜ ਕੁਮਾਰ, ਸੋਹਣ ਲਾਲ, ਮੰਗਤ ਰਾਮ, ਜਨਕ ਸਿੰਘ, ਯੋਧ ਰਾਜ, ਭੁਪਿੰਦਰ ਕੁਮਾਰ, ਸੁਰੇਸ ਕੁਮਾਰ, ਗੁਰਬਚਨ ਲਾਲ, ਰੋਹਿਤ ਕੁਮਾਰ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਸਾਢੇ ਚਾਰ ਸਾਲ ਪਹਿਲਾਂ ਵੋਟਾਂ ਲੈਣ ਸਮੇਂ ਇਹ ਵਾਅਦਾ ਕੀਤਾ ਸੀ ਕਿ ਪੰਜਾਬ ਚ ਕਾਂਗਰਸ ਦੀ ਸਰਕਾਰ ਬਣਨ ਤੇ ਸਮੂਹ ਸਰਕਾਰੀ ਵਿਭਾਗਾਂ ਦੇ ਮੁਲਾਜਮਾਂ ਨੂੰ ਪਹਿਲੀ ਕੈਬਨਿਟ ਮੀਟਿੰਗ ਵਿੱਚ ਹੀ ਰੈਗੂਲਰ ਕਰਨ ਦਾ ਫੈਸਲਾ ਕੀਤਾ ਜਾਵੇਗਾ ਇਸ ਨਾਲ ਸਰਕਾਰ ਨੇ ਹੋਰ ਵਰਗਾਂ ਨਾਲ ਵੀ ਵੱਡੇ ਵਾਅਦੇ ਕੀਤੇ ਸਨ ਪਰ ਦੁੱਖ ਦੀ ਗੱਲ ਇਹ ਹੈ ਕਿ ਕੈਪਟਨ ਸਰਕਾਰ ਨੇ ਆਪਣੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕਰੋਨਾ ਦੀ ਮਾਰ ਝੱਲ ਰਹੇ ਹਾਂ ਅਤੇ ਨਾਲ ਹੀ ਸਰਕਾਰਾਂ ਦੀ ਮਾਰ ਝੱਲ ਰਹੇ ਹਾਂ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਕਾਂਗਰਸ ਸਰਕਾਰ ਵੇਖਣ ਨੂੰ ਵੀ ਬੇਸ਼ੱਕ ਵੱਖਰੀ ਵੱਖਰੀ ਹੈ ਪਰ ਇਹਨਾਂ ਦੋਵਾਂ ਦਿਆ ਨੀਤੀਆਂ ਲੋਕ ਮਾਰੂ ਹਨ ਅਤੇ ਦੋਵੇਂ ਕਾਰਪੋਰੇਟ ਘਰਾਨਿਆਂ ਦੇ ਗੁਲਾਮ ਹਨ। ਉਨ੍ਹਾਂ ਕਿਹਾ ਕਿ ਕਿਸਾਨ ਵਿਰੋਧੀ ਬਿੱਲਾਂ ਨੂੰ ਪਾਸ ਕਰ ਕੇ ਮੋਦੀ ਸਰਕਾਰ ਕਿਸਾਨਾਂ ਨਾਲ ਗੱਲ ਕਰਨ ਤੋਂ ਭੱਜ ਰਹੀ ਹੈ ਦ। ਇਸ ਲਈ ਹੁਣ ਸਮੂਹ ਠੇਕਾ ਮੁਲਾਜਮ ਮਜਬੂਰ ਹੋ ਕੇ 3 ਅਤੇ 4 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਸਰਕਾਰ ਖਲਿਾਫ ਰੋਸ ਪ੍ਰਦਰਸਨ ਕਰੇਗੀ।

# ਜੈ ਹਿੰਦ ਸੇਵਾ ਕਲੱਬ ਵੱਲੋਂ ਕਾਰਗਿਲ ਵਿਜੈ ਦਿਵਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਕੀਤਾ ਸਨਮਾਨਿਤ




**ਗੁਰਦਾਸਪੁਰ/ਨਵਨੀਤ ਕੁਮਾਰ,ਜਤਿੰਦਰ ਕੁਮਾਰ**

ਪੰਡਿਤ ਮੋਹਨ ਲਾਲ ਐੱਸਡੀ ਕਾਲਜ ਦੇ ਰਾਜਨੀਤੀ ਸਾਸਤਰ ਵਿਭਾਗ ਨਾਲ ਮਿਲ ਕੇ ਕਰਵਾਇਆ ਪ੍ਰੋਗਰਾਮ ਨਰੇਸ ਕਾਲੀਆ ਗੁਰਦਾਸਪੁਰ ਜੈ ਹਿੰਦ ਸੇਵਾ ਕਲੱਬ ਗੁਰਦਾਸਪੁਰ ਵੱਲੋਂ ਸਥਾਨਕ ਐਸਡੀ ਕਾਲਜ ਦੇ ਰਾਜਨੀਤੀ ਸਾਸਤਰ ਵਿਭਾਗ ਨਾਲ ਮਿਲ ਕੇ ਕਾਰਗਿਲ ਵਿਜੈ ਦਿਵਸ ਮੌਕੇ ਸਹੀਦਾਂ ਨੂੰ ਸਰਧਾਂਜਲੀ ਦਿੱਤੀ ਅਤੇ ਸਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਰਨਲ ਆਰ ਕੇ ਸਰਮਾ ਇੰਨਚਾਰਜ ਵੈਟਰਨ ਸੈੱਲ ਤਿੱਬੜੀ ਕੈਂਟ ਮੁੱਖ ਮਹਿਮਾਨ ਵਜੋਂ ਸਾਮਲ ਹੋਏ ਜਦਕਿ ਤਹਸੀਲਦਾਰ ਤਰਸੇਮ ਲਾਲ ਅਤੇ ਨਹਿਰੂ ਯੁਵਾ ਕੇਂਦਰ ਗੁਰਦਾਸਪੁਰ ਦੇ ਕੋਆਰਡੀਨੇਟਰ ਮੈਡਮ ਅਲਕਾ ਰਾਵਤ ਵਿਸੇਸ ਮਹਿਮਾਨ ਵਜੋਂ ਸਾਮਲ ਹੋਏ। ਸਭ ਤੋਂ ਪਹਿਲਾਂ ਦੇਸ ਲਈ ਜਾਨ ਕੁਰਬਾਨ ਕਰਨ ਵਾਲੇ ਸਹੀਦਾਂ ਨੂੰ ਸਰਧਾਂਜਲੀ ਦਿੱਤੀ ਗਈ ਅਤੇ ਉਨ੍ਹਾਂ ਦੀ ਯਾਦ ਵਿੱਚ ਇੱਕ ਪੌਦਾ ਸਹੀਦਾਂ ਦੇ ਨਾਮ ਦਾ ਲਗਾਇਆ ਗਿਆ। ਸਹੀਦ ਨਵਦੀਪ ਸਿੰਘ, ਸਹੀਦ ਨਿਰਮਲ ਸਿੰਘ, ਸਹੀਦ ਸੁਖਵਿੰਦਰ ਸਿੰਘ ਸੈਨੀ ਅਤੇ ਸਹੀਦ ਨਰੇਸ ਸਲਾਰੀਆ ਦੇ ਪਰਵਾਰਿਕ ਮੈਂਬਰਾਂ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾਕਟਰ ਨਿਰੂ ਸਰਮਾ ਵੱਲੋਂ ਵਿਸੇਸ ਤੌਰ ਤੇ ਸਹੀਦਾਂ ਦੀ ਕੁਰਬਾਨੀ ਨੂੰ ਨਮਨ ਕਰਦੀਆਂ ਉਨ੍ਹਾਂ ਦੀ ਬਹਾਦਰੀ ਦਾ ਗੁਣਗਾਨ ਕੀਤਾ। ਮੁੱਖ ਮਹਿਮਾਨ ਕਰਨਲ ਆਰ ਕੇ ਸਰਮਾ ਅਤੇ ਆਏ ਹੋਏ ਮਹਿਮਾਨਾਂ ਵਲੋਂ ਸਹੀਦਾਂ ਦੇ ਪਰਿਵਾਰਾਂ ਨੂੰ ਸਰੋਪੇ ਭੇਂਟ ਕਰ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੈ ਹਿੰਦ ਸੇਵਾ ਕਲੱਬ ਦੇ ਪ੍ਰਧਾਨ ਨਰੇਸ ਕਾਲੀਆ, ਸੰਦੀਪ ਕੁਮਾਰ, ਰੋਬਿਨ ਸਿੰਘ ਅਤੇ ਐਸ ਡੀ ਕਾਲਜ ਹਿੰਦੀ ਵਿਭਾਗ ਦੇ ਪ੍ਰੋਫੈਸਰ ਪੂਨੀਤਾ ਸਹਿਗਲ, ਰਾਜਨੀਤੀ ਸਾਸਤਰ ਵਿਭਾਗ ਦੇ ਮੁਖੀ ਪ੍ਰੋਫੈਸਰ ਦਲਜਿੰਦਰ ਕੋਰ ਹਾਜਰ ਸਨ।

# ਕਿਸੇ ਨੂੰ ਵੀ ਬਿਨਾਂ ਘਰ ਤੋਂ ਨਹੀਂ ਰਹਿਣ ਦਿੱਤਾ ਜਾਵੇਗਾ : ਅਰੁਨਾ ਚੌਧਰੀ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਕੈਬਨਿਟ ਮੰਤਰੀ ਪੰਜਾਬ ਸ਼੍ਰੀਮਤੀ ਅਰੁਨਾ ਚੌਧਰੀ ਵੱਲੋਂ ਅੱਜ ਪਿੰਡ ਸੇਖਾ ਦੇ 50 ਬੇਘਰੇ ਗਰੀਬ ਪਰਿਵਾਰਾਂ ਨੂੰ 5-5 ਮਰਲੇ ਦੇ ਪਲਾਟਾਂ ਦੀਆਂ ਸੰਨਦਾਂ ਵੰਡੀਆਂ ਗਈਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਪਿੰਡ ਦੇ ਲੋਕ ਲੰਮੇ ਸਮੇਂ ਤੋਂ ਘਰ ਬਣਾਉਣ ਲਈ ਜਗ੍ਹਾ ਦੀ ਮੰਗ ਕਰਦੇ ਆ ਰਹੇ ਸਨ ਅਤੇ ਇਸ ਦੌਰਾਨ ਕਈਆਂ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਨੂੰ ਝੂਠੇ ਸਬਜ਼ਬਾਗ ਵੀ ਦਿਖਾਏ ਸਨ ਪਰ ਕਿਸੇ ਨੇ ਇਨ੍ਹਾਂ ਦੀ ਮੰਗ ਨੂੰ ਅਮਲੀਜਾਮਾ ਨਹੀਂ ਪਹਿਨਾਇਆ। ਅਖ਼ੀਰ ਜਦੋਂ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਤਾਂ ਉਨ੍ਹਾਂ ਨੇ ਪਿੰਡ ਦੇ ਗਰੀਬ ਪਰਿਵਾਰਾਂ ਦੀ ਜ਼ਰੂਰਤ ਨੂੰ ਦੇਖਦਿਆਂ ਇਸ 'ਤੇ ਕਾਰਵਾਈ ਆਰੰਭੀ ਅਤੇ ਅੱਜ ਉਹ ਦਿਨ ਆਇਆ ਹੈ ਜਦੋਂ ਇਹ ਲੋਕ ਆਪਣੇ ਪਲਾਟਾਂ ਦੇ ਸਰਟੀਫ਼ਿਕੇਟ ਹਾਸਲ ਕਰ ਰਹੇ ਹਨ।

## ਪਿੰਡ ਸੇਖਾ 'ਚ ਵੰਡੇ 50 ਬੇਘਰੇ ਪਰਿਵਾਰਾਂ ਨੂੰ ਵੰਡੀਆਂ ਸੰਨਦਾ

ਕੈਬਨਿਟ ਮੰਤਰੀ ਅਰੁਨਾ ਚੌਧਰੀ ਨੇ ਕਿਹਾ ਕਿ ਪਲਾਟ ਹਾਸਲ ਕਰਨ ਵਾਲੇ ਪਰਿਵਾਰਾਂ ਨੂੰ ਨਿਯਮਾਂ ਅਨੁਸਾਰ ਦੋ ਸਾਲਾਂ ਦੇ ਅੰਦਰ ਸਰਕਾਰੀ ਪਲਾਟ 'ਚ ਕਮਰਾ ਛੱਤਣਾ ਜ਼ਰੂਰੀ ਹੋਵੇਗਾ ਅਤੇ ਅਜਿਹਾ ਨਾ ਹੋਣ ਦੀ ਸੂਰਤ 'ਚ ਖ਼ਾਲੀ ਪਲਾਟ ਦੋ ਸਾਲ ਬਾਅਦ ਮੁੜ ਪੰਚਾਇਤ ਦੀ ਜ਼ਮੀਨ 'ਚ ਵਾਪਸ ਚਲਿਆ ਜਾਵੇਗਾ ਅਤੇ ਫਿਰ ਇਸ ਉੱਤੇ ਪਲਾਟ ਮਾਲਕ ਦੀ ਮਾਲਕੀ ਨਹੀਂ ਰਹੇਗੀ। ਅਰੁਨਾ ਚੌਧਰੀ ਨੇ ਦੱਸਿਆ ਕਿ ਬਤੌਰ ਕੈਬਨਿਟ ਮੰਤਰੀ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਉਨ੍ਹਾਂ ਵੱਲੋਂ ਭੇਜੀਆਂ ਲੱਖਾਂ ਰੁਪਏ ਦੀਆਂ ਗਰਾਂਟਾਂ ਦੇ ਕਾਰਨ ਹੀ ਹੁਣ ਤੱਕ ਪਿੰਡ ਸੇਖਾ 'ਚ ਕ੍ਰਿਸਚਨ ਭਾਈਚਾਰੇ ਲਈ ਧਰਮਸ਼ਾਲਾ, 20 ਦੇ ਕਰੀਬ ਸੋਲਰ ਲਾਈਟਾਂ, ਡੀਪ ਬੋਰ ਵਾਲੇ 15 ਹੈਂਡ ਪੰਪ ਅਤੇ ਥਾਪਰ ਮਾਡਲ ਤਹਿਤ ਛੱਪੜ ਬਣਾ ਕੇ ਦਿੱਤਾ ਗਿਆ ਹੈ ਜਦਕਿ ਪੂਰੇ ਪਿੰਡ ਦੀਆਂ ਗਲੀਆਂ ਨੂੰ ਇੰਟਰਲਾਕਿੰਗ ਟਾਈਲਾਂ ਲਗਾ ਕੇ ਪੱਕਾ ਕਰ ਦਿੱਤਾ ਗਿਆ ਹੈ। ਅਰੁਨਾ ਚੌਧਰੀ ਨੇ ਕਿਹਾ ਕਿ ਉਹ ਕੰਮ ਕਰਨ 'ਚ ਯਕੀਨ ਰੱਖਦੇ ਹਨ ਅਤੇ ਇਸਦੇ ਲਈ ਕਿਸੇ ਪਾਰਟੀ ਜਾਂ ਜ਼ਾਤ-ਧਰਮ ਨੂੰ ਵਿਸ਼ੇਸ਼ਤਾ ਨਹੀਂ ਦਿੱਤੀ ਜਾਂਦੀ ਹੈ। ਇਸ ਮੌਕੇ ਸਰਪੰਚ ਕੁਲਵੰਤ ਸਿੰਘ ਸੇਖਾ, ਯੂਥ ਆਗੂ ਵਿਕਰਮ ਮਸੀਹ, ਸਰਪੰਚ ਕਰਤਾਰ ਸਿੰਘ ਸੱਦਾ, ਤਰਸੇਮ ਦੋਰਾਂਗਲਾ, ਪੰਚ ਜਸਬੀਰ ਕੌਰ, ਪੰਚ ਦਰਸ਼ਨ ਸਿੰਘ, ਪੰਚ ਲਖਵਿੰਦਰ ਸਿੰਘ, ਦਰਸ਼ਨ ਮਸੀਹ, ਪੰਚ ਮਨੀਰ ਮਸੀਹ, ਪੰਚ ਜਗੀਰ ਸਿੰਘ, ਦੌਲਤ ਮਸੀਹ, ਅਮਰਜੀਤ ਸਿੰਘ, ਸਤਨਾਮ ਸਿੰਘ ਅਤੇ ਪੀਐਸਓ ਗੁਲਜ਼ਾਰ ਸਿੰਘ ਹਾਜ਼ਰ ਸਨ।

# ਕੁਝ ਦਿਨਾਂ ਤੋਂ ਟੈਂਕੀ ਦੀ ਮੋਟਰ ਖਰਾਬ ਹੋਣ ਤੇ ਸ਼ਹਿਰ ਨਿਵਾਸੀ ਬੂੰਦ ਬੂੰਦ ਨੂੰ ਤਰਸਣ ਲੱਗੇ



**ਕੋਟ ਈਸੇ ਖਾਂ/ਬਖਸ਼ੀ**

ਪਿਛਲੇ ਕੁਝ ਦਿਨਾਂ ਤੋਂ ਇਥੋਂ ਦੀ ਸੁੰਦਰ ਨਗਰ ਵਿਖੇ ਸਥਿਤ ਵਾਟਰ ਵਰਕਸ ਦੀ ਟੈਂਕੀ ਦੀ ਮੋਟਰ ਖਰਾਬ ਹੋਣ ਦੇ ਫਲਸਰੂਪ ਮੁਹੱਲਾ ਨਿਵਾਸੀ ਪੀਣ ਵਾਲੇ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਰਹੇ ਹਨ।ਇਨ੍ਹਾਂ ਪੀੜਤ ਵਿਅਕਤੀਆਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਉਹ ਪੀਣ ਵਾਲੇ ਪਾਣੀ ਲਈ ਇਧਰੋਂ ਉਧਰ ਭੱਜ ਨੱਠ ਕਰ ਕੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ ਪ੍ਰੰਤੂ ਜਦੋਂ ਵੀਇਸ ਬਾਬਤ ਇੱਥੋਂ ਦੇ ਟੈਂਕੀ ਵਾਲੇ ਮੁਲਾਜਮ ਨਾਲ ਗੱਲ ਕਰੀਦੀ ਹੈ ਤਾਂ ਉਸ ਦਾ ਇਕੋ ਜੁਆਬ ਹੁੰਦਾ ਹੈ ਕਿ ਮੋਟਰ ਖ਼ਰਾਬ ਪਈ ਹੈ ।ਪੀੜਤਾਂ ਦਾ ਕਹਿਣਾ ਹੈ ਕਿ ਜੇਕਰ ਇੰਨੇ ਦਿਨਾਂ ਤੋਂ ਇਹ ਖਰਾਬ ਹੈ ਤਾਂ ਇਸ ਨੂੰ ਕਿਉਂ ਨੀ ਠੀਕ ਕਰਵਾ ਕੇ ਪੀਣ ਵਾਲਾ ਪਾਣੀ ਦੇਣ ਲਈ ਕੋਈ ਉਪਰਾਲਾ ਕੀਤਾ ਜਾਂਦਾ ਜਦੋਂ ਕਿ ਪੰਜਾਬ ਸਰਕਾਰ ਪੀਣ ਵਾਲੇ ਪਾਣੀ ਨੂੰ ਘਰ ਘਰ ਦੇਣ ਦੀ ਆਮ ਹੀ ਗੱਲ ਕਰਦੀ ਆ ਰਹੀ ਹੈ ਉਨ੍ਹਾਂ ਸਬੰਧਤ ਮਹਿਕਮੇ ਤੋਂ ਅਤੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਜਿੰਨਾ ਚਿਰ ਤਕ ਇਸ ਮੋਟਰ ਦੀ ਮੁਰੰਮਤ ਨਹੀਂ ਕਰਵਾਈ ਜਾਂਦੀ ਓਨਾ ਚਿਰ ਤੱਕ ਪੀਣ ਵਾਲੇ ਪਾਣੀ ਦੀ ਵਿਵਸਥਾ ਕਿਸੇ ਹੋਰਨਾਂ ਢੰਗ ਤਰੀਕਿਆਂ ਰਾਹੀਂ ਕਰਨੀ ਯਕੀਨੀ ਬਣਾਈ ਜਾਵੇ ।

## ਸਾਵਣ ਦੇ ਦੂਸਰੇ ਸੋਮਵਾਰ ਮੁਕਤੇਸਵਰ ਮੰਦਰ ਲੱਗੀਆਂ ਭਗਤਾਂ ਦੀਆਂ ਰੌਣਕਾਂ

**ਪਠਾਨਕੋਟ/ਸੁੱਖਵਿੰਦਰ ਜੰਡੀਰ :** ਸਾਵਣ ਦੇ ਦੂਸਰੇ ਸੋਮਵਾਰ ਤੇ ਬਾਬਾ ਮੁਕਤੇਸਵਰਮੰਦਰ ਵਿੱਚ ਭਗਤ ਸਵੇਰ ਤੋਂ ਹੀ ਹਜਾਰਾਂ ਦੀ ਗਿਣਤੀ ਵਿੱਚ ਆਉਣੇ ਸੁਰੂ ਹੋ ਗਏ , ਮੰਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਗਤਾਂ ਲਈ ਖਾਸ ਪ੍ਰਬੰਧ ਕੀਤੇ ਗਏ , ਮੰਦਰ ਕਮੇਟੀ ਦੇ ਮੁਖੀ ਠਾਕੁਰ ਭੀਮ ਸਿੰਘ, ਅੰਕੁਸ ਧੰਨਵਾਲ, ਸੁਰਿੰਦਰ ਕੁਮਾਰ ਭਗਤ, ਭਾਗ ਸਿੰਘ, ਪ੍ਰਸੋਤਮ ਸਿੰਘ, ਪੰਡਿਤ ਸੂਰਜ ਤਿਵਾਰੀ ,ਗੋਪਾਲ ਸਰਮਾ ਨੇ ਦੱਸਿਆ ਕਿ ਅੱਜ ਸਾਵਣ ਮਹੀਨੇ ਦਾ ਦੂਸਰਾ ਸੋਮਵਾਰ ਹੋਣ ਕਰਕੇ ਹਜਾਰਾਂ ਦੀ ਗਿਣਤੀ ਦੇ ਵਿੱਚ ਭਗਤ ਪਹੁੰਚੇ ਹਨ , ਅਤੇ ਇਸ ਅਸਥਾਨ ਤੇ ਸ੍ਰੀ ਭੋਲੇ ਨਾਥ ਦੀ ਪੂਜਾ ਅਤੇ ਅਰਾਧਨਾ ਕਰਨ ਨਾਲ ਭਗਤਾਂ ਦੀਆਂ ਮਨੋਕਾਮਨਾ ਪੂਰੀਆ ਹੁਦੀਆ ਹਨ, ਉਨ੍ਹਾਂ ਕਿਹਾ ਕਿ ਇਸ ਅਸਥਾਨ ਤੇ ਭਗਤਾਂ ਦੀ ਰੌਣਕ ਲੱਗੀ ਰਹਿੰਦੀ ਹੈ , ਪਰ ਸਾਵਣ ਮਹੀਨੇ ਦੇ ਵਿਚ ਭਗਤਾਂ ਦੀ ਗਿਣਤੀ ਕਾਫੀ ਵਧ ਜਾਂਦੀ ਹੈ, ਪ੍ਰਬੰਧਕ ਕਮੇਟੀ ਨੇ ਕਿਹਾ ਕਿ ਭਗਤਾਂ ਦੀ ਰਿਹਾਇਸ ਸਮਾਨ, ਪੂਜਾ, ਤੇ ਹੋਰ ਲੋੜ ਅਨੁਸਾਰ ਭਗਤਾਂ ਲਈ ਕਮੇਟੀ ਵੱਲੋਂ ਖਾਸ ਪ੍ਰਬੰਧ ਕੀਤੇ ਗਏ ਹਨ, ਅਤੇ ਲੰਗਰ ਅਤੁੱਟ ਵਰਤਾਏ ਜਾ ਰਹੇ ਹਨ, ਇਸ ਮੌਕੇ ਤੇ ਭਗਤਾਂ ਵਲੋਂ ਗੁਫਾ ਦੇ ਅੰਦਰ ਪਾਂਡਵਾਂ ਵੱਲੋਂ ਸਥਾਪਤ ਸਵਿਲਿੰਗ ਪੂਜਾ ਅਤੇ ਅਰਾਧਨਾ ਕੀਤੀ ਗਈ , ਭਗਤਾਂ ਨੇ ਮੁਕਤੇਸਵਰ ਧਾਮ ਇਸਨਾਨ ਕੀਤੇ।

## ਕਿਸਾਨੀ ਮੋਰਚੇ ਨੂੰ ਲੈ ਕੇ ਭਾ.ਕਿ.ਯੂ ਸਿੱਧੂਪੁਰ ਨੇ ਕੀਤੀ ਮੀਟਿੰਗ



**ਮਮਦੋਟ/ਹਰਪ੍ਰੀਤ ਸਿੰਘ ਹੈਪੀ :** ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਘੋੜੇ ਚੱਕ ਅਤੇ ਬਲਾਕ ਪ੍ਰਧਾਨ ਗੁਰਸੇਵਕ ਸਿੰਘ ਧਾਲੀਵਾਲ ਵੱਲੋਂ ਬਲਾਕ ਮਮਦੋਟ ਦੇ ਅਧੀਨ ਆਉਂਦੇ ਵੱਖ ਵੱਖ ਪਿੰਡਾਂ ਵਿਚ ਮੀਟਿੰਗ ਕੀਤੀ ਗਈ ਜਿਸ ਦੇ ਤਹਿਤ ਨੇੜਲੇ ਪਿੰਡ ਵਰਿਆਮ ਵਾਲਾ ਵਿਖੇ ਵੀ ਦਿੱਲੀ ਵਿੱਚ ਚੱਲ ਰਹੇ ਕਿਸਾਨੀ ਮੋਰਚੇ ਨੂੰ ਲੈ ਕੇ ਮੀਟਿੰਗ ਕੀਤੀ ਗਈ ਜਿਸ ਵਿੱਚ ਪਿੰਡਾਂ ਦੇ ਆਗੂਆਂ ਨੂੰ ਦਿੱਲੀ ਵਿੱਚ ਕਿਸਾਨੀ ਮੋਰਚੇ ਨੂੰ ਹਮਾਇਤ ਦੇਣ ਲਈ ਪਿੰਡਾਂ ਦੇ ਅਲੱਗ ਅਲੱਗ ਗਰੁੱਪ ਬਣਾ ਕੇ ਦਿੱਲੀ ਜਾਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਕਿ ਬਲਾਕ ਮਮਦੋਟ ਦੀ ਵੱਧ ਤੋਂ ਵੱਧ ਸੰਗਤ ਦਿੱਲੀ ਵਿੱਚ ਚੱਲ ਰਹੇ ਕਿਸਾਨੀ ਮੋਰਚੇ ਵਿਚ ਹਾਜ਼ਰੀ ਭਰ ਸਕੇ ਇਸ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਬਲਾਕ ਮਮਦੋਟ ਦੇ ਇੱਕ ਆਗੂ ਦੀ ਨਿਯੁਕਤੀ ਕੀਤੀ ਗਈ ਜਿਸ ਨਿਯੁਕਤੀ ਦੌਰਾਨ ਗੁਰਨੇਕ ਸਿੰਘ ਝੋਕ ਨੋਧ ਸਿੰਘ ਵਾਲਾ ਨੂੰ ਬਲਾਕ ਮਮਦੋਟ ਦਾ ਪ੍ਰੈੱਸ ਸਕੱਤਰ ਲਗਾਇਆ ਗਿਆ ਇਸ ਸਮੇਂ ਜੰਗ ਸਿੰਘ ਸਰਪੰਚ, ਗੁਰਸੇਵਕ ਸਿੰਘ, ਸੰਤੋਖ ਸਿੰਘ, ਜਸਵਿੰਦਰ ਛਿੰਦਾ, ਛਿੰਦਰਪਾਲ ਸਿੰਘ, ਗੁਰਪੂਰਨ ਸਿੰਘ, ਰੇਸ਼ਮ ਸਿੰਘ, ਜੋਗਿੰਦਰ ਸਿੰਘ, ਜਗਤਾਰ ਸਿੰਘ ,ਜਬਰਜੰਗ ਸਿੰਘ, ਬਲਦੇਵ ਸਿੰਘ, ਹਰਮੀਤ ਸਿੰਘ, ਕਿਸ਼ੋਰ ਸਿੰਘ ਆਦਿ ਕਿਸਾਨ ਹਾਜ਼ਰ ਸਨ ।

## ਸ਼ੈਸ਼ਨ ਜੱਜ ਵਲੋਂ ਲੋੜਵੰਦਾਂ ਨੂੰ ਹਰ ਸੰਭਵ ਮੈਡੀਕਲ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼

**ਕਪੂਰਥਲਾ/ਲੋਕ ਬਾਣੀ :** ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਵਲੋਂ ਅੰਡਰ ਟ੍ਰਾਇਲ ਰਿਵਿਊ ਕਮੇਟੀ, ਕਪੂਰਥਲਾ ਦੀ ਮੀਟਿੰਗ ਸ੍ਰੀ ਅਮਰਿੰਦਰ ਸਿੰਘ ਗਰੇਵਾਲ, ਜਿਲਾ ਅਤੇ ਸੈਸਨ ਜੱਜ-ਕਮ-ਚੇਅਰਮੈਨ, ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਦੀ ਪ੍ਰਧਾਨਗੀ ਹੇਠ ਹੋਈ। ਜਿਲਾ ਪ੍ਰਸਾਸਨ ਵੱਲੋਂ ਸ੍ਰੀ ਵਰਿੰਦਰਪਾਲ ਸਿੰਘ ਐਸ.ਡੀ.ਐਮ, ਕਪੂਰਥਲਾ, ਪੁਲਿਸ ਪ੍ਰਸ਼ਾਸ਼ਨ ਵਲੋਂ ਸ੍ਰੀ ਵਿਸਾਲਜੀਤ ਸਿੰਘ, ਐਸ.ਪੀ (ਡਿਟੇਕਟਿਵ), ਕਪੂਰਥਲਾ, ਸ੍ਰੀ ਮਹੇਸ ਕੁਮਾਰ ਚੀਫ ਜੂਡੀਸੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ, ਡਾ. ਪਰਮਿੰਦਰ ਕੌਰ, ਚੀਫ ਮੈਡੀਕਲ ਅਫਸਰ, ਕਪੂਰਥਲਾ, ਸ੍ਰੀ ਵਿਜੈ ਕੁਮਾਰ, ਡਿਪਟੀ ਸੁਪਰਡੈਂਟ, ਕੇਂਦਰੀ ਜੇਲ, ਕਪੂਰਥਲਾ ਅਤੇ ਸ੍ਰੀਮਤੀ ਚੇਤਨਾ, ਜਿਲਾ ਅਟਾਰਨੀ ਹਾਜ਼ਰ ਸਨ। ਜਿਲਾ ਅਤੇ ਸੈਸਨ ਜੱਜ-ਕਮ-ਚੇਅਰਮੈਨ ਵਲੋਂ ਅੰਡਰ ਟਰਾਇਲ ਕੇਸਾਂ ਦੀ ਲਿਸਟ ਡਿਪਟੀ ਸੁਪਰਡੈਂਟ, ਕੇਂਦਰੀ ਜੇਲ੍ਹ, ਕਪੂਰਥਲਾ ਵੱਲੋਂ ਪੇਸ਼ ਕੀਤੀ ਗਈ। ਇਸ ਤੋਂ ਇਲਾਵਾ ਮਾਨਯੋਗ ਜੱਜ ਸਾਹਬ ਵਲੋਂ ਜੇਲ ਵਿੱਚ ਬੰਦ ਬਿਮਾਰ ਕੈਦੀਆਂ ਅਤੇ ਹਵਾਲਾਤੀਆਂ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ ਦੀ ਵੀ ਹਦਾਇਤ ਕੀਤੀ ਗਈ ਅਤੇ ਕੋਰੋਨਾ ਵਾਇਰਸ ਤੋਂ ਬਚਾਅ ਲਈ ਹਵਾਲਾਤੀਆਂ ਅਤੇ ਕੈਦੀਆਂ ਨੂੰ ਆਪਸੀ ਦੂਰੀ ਬਣਾਈ ਰੱਖਣ ਸੰਬੰਧੀ ਜਾਗਰੂਕ ਕਰਨ ਸੰਬੰਧੀ ਨਿਰਦੇਸ ਦਿੱਤੇ ਗਏ।

## ਬੇਰੋਜਗਾਰ ਸੀ.ਟੀ.ਆਈ ਹੋਲਡਰ ਇੰਸਟ੍ਰਕਟਰਾਂ ਵੱਲੋਂ ਸਰਕਾਰ ਅਤੇ ਵਿਭਾਗ ਖਿਲਾਫ ਵੱਡੇ ਪੱਧਰ ਤੇ ਸੰਘਰਸ਼ ਦੀ ਤਿਆਰੀ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**



ਬੇਰੋਜਗਾਰ ਕਰਾਫਟ ਇੰਸਟ੍ਰਕਟਰ ਯੂਨੀਅਨ ( ਹੋਲਡਰ ) , ਪੰਜਾਬ ਦੇ ਆਗੂ ਸਿਮਰਨਜੀਤ ਸਿੰਘ ਅਤੇ ਯੂਨੀਅਨ ਮੈਬਰਾਂ ਨੇ ਦੱਸਿਆ ਕਿ ਹੁਣ ਕੁਝ ਸਮੇਂ ਵਿੱਚ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ ਵਿੱਚ ਕਰਾਫਟ ਇੰਸਟ੍ਰਕਟਰਾਂ ਦੀ ਭਰਤੀ ਲਈ ਵਿਭਾਗ ਵਲੋਂ ਨੋਟੀਫਿਕੇਸਨ ਜਾਰੀ ਕੀਤਾ ਜਾਣਾ ਹੈ ।ਉਹਨਾਂ ਦੱਸਿਆਂ ਸੂਤਰਾਂ ਦੇ ਹਵਾਲੇ ਨਾਲ ਪਤਾ ਲੱਗਿਆ ਹੈ ਕਿ ਇਹਨਾਂ ਪੋਸਟਾਂ ਲਈ ਵਿਭਾਗ ਨੇ ਅਨ - ਟੈਂਡ ਇੰਸਟ੍ਰਕਟਰ ਭਰਤੀ ਕਰਨੇ ਹਨ ਜਿਹਨਾਂ ਨੇ ਇੰਸਟ੍ਰਕਟਰ ਦਾ ਕੋਰਸ ਨਹੀਂ ਕੀਤਾ ਹੋਇਆ ਜਦ ਕਿ ਕੀਤੇ ਫੂਡ ਇੰਸਟ੍ਰਕਟਰ ਜੋ ਕਿ ਇੰਸਟ੍ਰਕਟਰ ਬਣਨ ਦੀ ਯੋਗਤਾ ਨੂੰ ਪੂਰੀ ਕਰਦੇ ਹਨ ਉਹ ਬੇਰੋਜਗਾਰ ਘੁੰਮ ਰਹੇ ਹਨ ਜਿਸ ਪ੍ਰਕਾਰ ਐਜੂਕੇਸਨ ਵਿੱਚ ਟੀਚਰ ਲੱਗਣ ਲਈ ਬੀ . ਐਡ ਜਰੂਰੀ ਯੋਗਤਾ ਹੁੰਦੀ ਹੈ , ਉਸੇ ਪ੍ਰਕਾਰ ਦੀ ਇੱਕ ਅਜਿਹਾ ਕੋਰਸ ਹੈ ਜੋ ਵਿੱਚ ਵੱਖ ਵੱਖ ਟਰੇਡਾਂ ਨਾਲ ਸਬੰਧਿਤ ਇੰਸਟ੍ਰਕਟਰ ਲੱਗਣ ਦੀ ਜਰੂਰੀ ਯੋਗਤਾ ਹੈ ਅਤੇ ਡਾਇਰੈਕਟਰ ਜਨਰਲ ਆਫ ਟ੍ਰੇਨਿੰਗ , ਨਵੀਂ ਦਿੱਲੀ , ਨੇ ਇਸ ਕੋਰਸ ਨੂੰ ਬਹੁਤ ਸਮਾਂ ਪਹਿਲਾਂ ਹੀ ਲਾਜਮੀ ਕੀਤਾ ਹੈ । ਇਸ ਪ੍ਰਕਾਰ ਵਿਭਾਗ ਇਹ ਸਾਜਿਸ ਰੱਚ ਕੇ ਅਨ - ਟੈਂਡ ਇੰਸਟ੍ਰਕਟਰ ਭਰਤੀ ਕਰ ਰਿਹਾ ਹੈ । ਇਹ ਸਭ ਤੋਂ ਵੱਡਾ ਨੁਕਸਾਨ ਹੋਵੇਗਾ ਕਿ ਜਿਥੇ ਕੀਤੇ ਕੋਰਸ ਵਾਲੇ ਫੂਡ ਇੰਸਟ੍ਰਕਟਰ ਜਿਹਨਾਂ ਦੀ ਗਿਣਤੀ ਪੰਜਾਬ ਵਿੱਚ 2000 ਦੇ ਕਰੀਬ ਹੈ ਉਹ ਬੇਰੋਜਗਾਰ ਹੀ ਰਹਿ ਜਾਣਗੇ ਅਤੇ ਦੂਜੇ ਪਾਸੇ ਰੱਖੇ ਗਏ ਅਨ - ਟੈਂਡ ਇੰਸਟ੍ਰਕਟਰਾਂ ਨੂੰ ਭਰਤੀ ਹੁੰਦੇ ਸਾਰ ਹੀ ਸਰਕਾਰੀ ਖਰਚੇ ਦੇ ਉੱਪਰ ਇਹ ਟੈਨਿੰਗ ( ) ਕਰਨ ਭੇਜਿਆ ਜਾਵੇਗਾ , ਜਿਵੇਂ ਕਿ ਇਹ ਪਹਿਲਾਂ ਵੀ ਹੋ ਚੁੱਕਾ ਹੈ ਜਦ ਕਿ ਜਿਨਾਂ ਕੈਡੀਡੇਟਸ ਨੇ ਪਹਿਲਾਂ ਹੀ ਕੋਰਸ ਕੀਤਾ ਹੋਇਆ ਹੈ ਉਹਨਾਂ ਨੂੰ ਬਹੁਤ ਘੱਟ ਵਿਚਾਰਿਆ ਜਾਵੇਗਾ ਅਤੇ ਉਸੇ ਸਾਲ ਆਈ.ਟੀ.ਆਈਜ ਵਿੱਚ ਟ੍ਰੇਨਿੰਗ ਕਰ ਰਹੇ ਸਿਖਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਵੀ ਹੋਵੇਗਾ । ਇਸ ਤਰਾਂ ਸਰਕਾਰ ਦੀ ਘਰ - ਘਰ ਰੋਜਗਾਰ ਵਾਲੀ ਮੁਹਿੰਮ ਅਤੇ ਭਾਰਤ ਸਰਕਾਰ ਦਾ ਸਕਿੱਲ ਇੰਡੀਆ ਦਾ ਨਾਅਰਾ ਇਕ ਮਜਾਕ ਬਣ ਕੇ ਰਹਿ ਜਾਵੇਗਾ । ਜੇਕਰ ਸਰਕਾਰ ਅਤੇ ਵਿਭਾਗ ਨੇ ਜਿਨਾਂ ਕੈਡੀਡੇਟਸ ਨੇ । ਕੀਤੀ ਹੋਈ ਹੈ ਜੋ ਕਿ ਇੱਕ ਇੰਸਟ੍ਰਕਟਰ ਬਣਨ ਲਈ ਜਰੂਰੀ ਯੋਗਤਾ ਹੈ ਉਹਨਾਂ ਨੂੰ ਉਹਨਾਂ ਦਾ ਹੱਕ ਨਾ ਦਿੱਤਾ ਅਤੇ ਆਉਣ ਵਾਲੀਆਂ ਕਰਾਫਟ ਇੰਸਟ੍ਰਕਟਰ ਦੀਆਂ ਪੋਸਟਾਂ ਵਿੱਚ । ਜਰੂਰੀ ਨਾ ਕੀਤੀ ਜਾਂ - । ਹੋਲਡਰਾਂ ਨੂੰ ਭਰਤੀ ਕੀਤਾ ਗਿਆ ਤਾਂ ਬੇਰੋਜਗਾਰ ਕਰਾਫਟ ਇੰਸਟ੍ਰਕਟਰ ਯੂਨੀਅਨ ਵਲੋਂ ਵੱਡੇ ਪੱਧਰ ਤੇ ਸੰਘਰਸ ਕੀਤਾ ਜਾਵੇਗਾ ਇਸ ਦਾ ਜੋ ਵੀ ਨੁਕਸਾਨ ਹੋਵੇਗਾ ਉਸ ਦੀ ਸਾਰੀ ਜਿੰਮੇਵਾਰੀ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ , ਪੰਜਾਬ ਅਤੇ ਪੰਜਾਬ ਸਰਕਾਰ ਦੀ ਹੋਵੇਗੀ । ਇਸ ਸਮੇਂ ਯੂਨੀਅਨ ਦੇ ਨੁਮਾਇੰਦੇ ਸਿਕੰਦਰ ਕੁਮਾਰ , ਸਾਮ ਲਾਲ , ਸੰਦੀਪ ਸਿੰਘ , ਸਮਸੇਰ ਸਿੰਘ , ਸੁਖਵੀਰ ਸਿੰਘ , ਹਰਜੀਤ ਸਿੰਘ , ਮਨਜਿੰਦਰ ਸਿੰਘ , ਬਲਵੀਰ ਸਿੰਘ , ਬਸੰਤ ਸਿੰਘ , ਪਰਦੀਪ ਸਿੰਘ , ਸਿਮਰਨਜੀਤ ਸਿੰਘ , ਸਾਹਿਲ ਸਰਦਾਨਾ , ਹਰਪ੍ਰੀਤ ਸਿੰਘ , ਗੁਰਭੇਜ ਸਿੰਘ , ਮਨਪ੍ਰੀਤ ਸਿੰਘ , ਬਲਜੀਤ ਸਿੰਘ ਆਦਿ ਹਾਜਰ ਸਨ ।

## ਜੱਲੋਵਾਲ ਕਲੋਨੀ ਵਿਖੇ ਪੀਰ ਗਿਆਰਵੀਂ ਵਾਲੀ ਸਰਕਾਰ ਦਾ ਲੱਗਿਆ ਮੇਲਾ ਗੁਰਲੇਜ ਅਖਤਰ ਤੇ ਕੁਲਵਿੰਦਰ ਕੈਲੀ ਨੇ ਲਾਈਆਂ ਰੌਣਕਾਂ

**ਭੋਗਪੁਰ/ਸੁੱਖਵਿੰਦਰ ਜੰਡੀਰ**



ਪਿੰਡ ਜੱਲੋਵਾਲ ਕਲੋਨੀ ਵਿਖੇ ਗਿਆਰਵੀਂ ਵਾਲੀ ਸਰਕਾਰ ਦਾ ਸਲਾਨਾ ਤੀਸਰਾ ਮੇਲਾ ਦਰਬਾਰ ਦੇ ਪਹਿਲੇ ਸੇਵਾਦਾਰ ਉਜਾਗਰ ਮੱਲ ਜੀ ਦੀ ਯਾਦ ਨੂੰ ਤਾਜਾ ਕਰਦੇ ਹੋਏ ਦਰਬਾਰ ਦੇ ਸੇਵਾਦਾਰ ਸ੍ਰੀ ਬਾਵਾ ਰਾਮ ਜੀ ਦਾ ਮੇਲਾ ਸਰਪ੍ਰਤ ਸਾਬਕਾ ਸਰਪੰਚ ਸੁਖਦੇਵ ਰਾਜ ਕਾਹਲੋਂ, ਨੀਲਮ ਰਾਣੀ ਸਰਪੰਚ, ਗਰਾਮ ਪੰਚਾਇਤ ਅਤੇ ਸੱਜਣਾ ਮਿੱਤਰਾਂ ਦੇ ਸਹਿਯੋਗ ਨਾਲ ਨਗਰ ਨਿਵਾਸੀਆਂ ਵੱਲੋਂ ਸਰਧਾ ਪੂਰਵਕ ਕਰਵਾਇਆ ਗਿਆ , ਸਵੇਰੇ ਦਰਬਾਰ ਝੰਡੇ ਅਤੇ ਚਾਦਰ ਪੋਸੀ ਰਸਮ ਤੋਂ ਬਾਅਦ ਪੰਜਾਬ ਦੀ ਪ੍ਰਸਿੱਧ ਗਾਇਕਾ ਗੁਰਲੇਜ ਅਖਤਰ ਅਤੇ ਕੁਲਵਿੰਦਰ ਕੈਲੀ ਨੇ ਦੋਗਾਣੇ ਪੇਸ਼ ਕਰਕੇ ਮੇਲੇ ਦੀਆਂ ਰੌਣਕਾਂ ਵਧਾਈਆਂ ਇਨ੍ਹਾਂ ਤੋਂ ਅਲਾਵਾ ਬਲਰਾਜ ਬਿਲਗਾ ਨਿਸਾਨ ਬਹਿਰਾਮੀਆਂ , ਪੀ ਐਸ ਬਿੱਲਾ ਕਮੇਡੀਅਨ, ਜਿੰਦਰ ਬੱਲ ਨੇ ਵੀ ਦਰਬਾਰ ਵਿੱਚ ਹਾਜਰੀਆਂ ਭਰੀਆਂ, ਇਸ ਮੇਲੇ ਵਿੱਚ ਬੀਬੀ ਪਰਮਿੰਦਰ ਕੌਰ ਬੰਗਾ, ਮੁੱਖ ਮਹਿਮਾਨ ਸਾਮਲ ਹੋਏ, ਇਸ ਮੌਕੇ ਤੇ ਪ੍ਰਧਾਨ ਨਵਦੀਪ ਸਿੰਘ ਪੰਨੂ ਪ੍ਰਧਾਨ ਨਗਰ ਕੌਂਸਲ ਸ੍ਰੀ ਹਰਗੋਬਿੰਦਪੁਰ, ਹਰਿੰਦਰ ਸਿੰਘ, ਤਰਸੇਮ ਸਿੰਘ ,ਗੁਰਮੁਖ ਸਿੰਘ ਐਮ ਸੀ, ਬੀਬੀ ਨਿੰਦਰ ਕੌਰ ਐਮ ਸੀ, ਬਲਜੀਤ ਸਿੰਘ ,ਹਰਪ੍ਰੀਤ ਸਿੰਘ ਸਿਮਰਤਪਾਲ ਸਿੰਘ, ਰਾਜਵਿੰਦਰ ਕੌਰ, ਸੁਨੀਤਾ ਦੇਵੀ ਆਦਿ ਨੇ ਹਾਜਰੀਆਂ ਭਰੀਆਂ ਸਟੇਜ ਸਕੱਤਰ ਦੀ ਸੇਵਾ ਨਿਸਾਨ ਬਹਿਰਾਮੀਆਂ ਵੱਲੋਂ ਬਾਖੂਬੀ ਨਿਭਾਈ ਗਈ।

## ਨਾਜਾਇਜ ਸਰਾਬ ਸਮੇਤ ਔਰਤ ਕਾਬੂ ਪੁਲਿਸ ਨੇ ਕੀਤਾ ਮਾਮਲਾ ਦਰਜ



**ਪਠਾਨਕੋਟ/ ਸੁੱਖਵਿੰਦਰ ਜੰਡੀਰ :** ਨਾਜਾਇਜ਼ ਸ਼ਰਾਬ ਵੇਚਣ ਵਾਲੇ ਕਾਰੋਬਾਰੀਆਂ ਤੇ ਪੁਲਸ ਪ੍ਰਸ਼ਾਸਨ ਵਲੋਂ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਅੱਜ ਥਾਣਾ ਸ਼ਾਹਪੁਰਕੰਢੀ ਪੁਲਿਸ ਵੱਲੋਂ ਦਸ ਬੋਤਲਾਂ ਨਜਾਇਜ਼ ਸ਼ਰਾਬ ਸਿਹਤ ਇੱਕ ਔਰਤ ਨੂੰ ਕਾਬੂ ਕੀਤਾ ਗਿਆ ਹੈ, ਇਸ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਭਾਰਤ ਭੂਸ਼ਨ ਸੈਣੀ ਨੇ ਦੱਸਿਆ ਕਿ ਏਐਸਆਈ ਨਰਿੰਜਣ ਸਿੰਘ ਆਪਣੇ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੇ ਸਬੰਧ ਵਿਚ ਪਿੰਡ ਰਾਣੀਪੁਰ ਮੌਜੂਦ ਸੀ , ਕੀ ਕਿਸੇ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਕਿ ਪ੍ਰਵੀਨ ਕੁਮਾਰੀ ਪਤਨੀ ਗੁਰਦੇਵ ਵਾਸੀ ਪਿੰਡ ਜੈਨੀ ਉਪਰਲੀ ਜੋ ਨਾਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦੀ ਹੈ ਤੇ ਜੋ ਹੁਣ ਵੀ ਪਿੰਡ ਜੈਨੀ ਉਪਰਲੀ ਕੱਚੀ ਫਿਰਨੀ ਤੇ ਸ਼ਰਾਬ ਵੇਚ ਰਹੀ ਹੈ ਤੇ ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਸ ਨੂੰ ਕਾਬੂ ਕੀਤਾ ਜਾ ਸਕਦਾ ਹੈ ਮੁਖਬਰ ਖਾਸ ਦੀ ਇਤਲਾਹ ਪੱਕੀ ਹੋਣ ਤੇ ਮੁਖਬਰ ਖਾਸ ਵੱਲੋਂ ਦੱਸੀ ਹੋਈ ਜਗ੍ਹਾ ਤੇ ਏਐਸਆਈ ਨਰਿੰਜਨ ਸਿੰਘ ਨੇ ਆਪਣੇ ਸਾਥੀ ਕਰਮਚਾਰੀਆਂ ਨਾਲ ਰੇਡ ਕੀਤੀ ਉਨ੍ਹਾਂ ਦੱਸਿਆ ਕਿ ਜਦੋਂ ਉਹ ਮੁਖ਼ਬਰ ਖ਼ਾਸ ਦੀ ਦੱਸੀ ਹੋਈ ਥਾਂ ਤੇ ਪਹੁੰਚੇ ਤਾਂ ਉੱਥੇ ਪ੍ਰਵੀਨ ਕੁਮਾਰੀ ਝਾੜੀਆਂ ਦੇ ਓਹਲੇ ਹੋ ਕੇ ਬੈਠੀ ਹੋਈ ਸੀ ਤੇ ਪੁਲੀਸ ਪਾਰਟੀ ਨੂੰ ਦੇਖ ਉਹ ਘਬਰਾ ਗਈ ਤੇ ਉਥੋਂ ਭੱਜਣ ਦੀ ਕੋਸਸਿ ਕਰਨ ਲੱਗੀ ਜਿਸ ਨੂੰ ਏ ਐਸ ਆਈ ਨਰੰਜਣ ਸਿੰਘ ਨੇ ਆਪਣੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ ਜਦੋਂ ਉਸ ਤੋਂ ਉਸ ਦਾ ਨਾਮ ਪਤਾ ਪੁੱਛਿਆ ਤਾਂ ਉਸਨੇ ਆਪਣਾ ਨਾਮ ਪਰਵੀਨ ਕੁਮਾਰੀ ਦੱਸਿਆ ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀ ਕੋਲੋਂ ਦੱਸ ਬੋਤਲਾਂ ਨਾਜਾਇਜ਼ ਸ਼ਰਾਬ ਦੀਆਂ ਬਰਾਮਦ ਹੋਈਆਂ ਜਿਸ ਉਤੇ ਮੁਕੱਦਮਾ ਦਰਜ ਕਰ ਅਗਲੀ ਕਾਰਵਾਈ ਸੁਰੂ ਕਰ ਦਿੱਤੀ।

# ਪਿੰਡ ਤੋਤਾ ਸਿੰਘ ਵਾਲਾ ਵਿਖੇ ਨਵੇਂ ਬਣੇ ਗੁਰਦੁਆਰਾ ਸਾਹਿਬ ਦਾ ਕੀਤਾ ਗਿਆ ਸ਼ੁਭ ਮਹੂਰਤ

## ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਹਲਕਾ ਧਰਮਕੋਟ ਦੇ ਪਿੰਡ ਤੋਤਾ ਸਿੰਘ ਵਾਲਾ (ਮੋਗਾ) ਵਿਖੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਇਮਾਰਤ ਦਾ ਸ਼ੁੱਭ ਮਹੂਰਤ ਕੀਤਾ ਗਿਆ । ਇਸ ਅਵਸਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਵੇਂ ਬਣੇ ਗੁਰਦੁਆਰਾ ਸਾਹਿਬ ਵਿੱਚ ਪ੍ਰਕਾਸ਼ ਕਰਨ ਲਈ ਬੀਤੇ ਪਰਸੋਂ ਤੋਂ ਲੈ ਕੇ ਰੱਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਭੋਗ ਪਾਏ ਗਏ ਭੋਗ ਉਪਰੰਤ ਕਵੀਸ਼ਰੀ ਸਿੰਘਾਂ ਨੇ ਸੰਗਤਾਂ ਨੂੰ ਗੁਰੂ ਜਸ ਗਾ ਕੇ ਨਿਹਾਲ ਕੀਤਾ,। ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਜਾਣਕਾਰੀ ਦਿੰਦੇਆਂ ਕੁਲਵੰਤ ਸਿੰਘ ਢਿੱਲੋਂ,ਗੁਰਸਾਹਿਬ ਸਿੰਘ ਢਿੱਲੋਂ,ਪੱਤਰਕਾਰ ਸੁੱਖ ਗਿੱਲ ਨੇ ਕਿਹਾ ਕਿ ਨਗਰ ਦੇ ਸਹਿਯੋਗ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਗਈ। ਆਈਆਂ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ,ਸਭ ਸੰਗਤਾਂ ਨੂੰ ਇਸ ਸੁਭਾਗ ਭਰੇ ਦਿਹਾੜੇ ਤੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰਦਾਸ ਵਿੱਚ ਸ਼ਾਮਿਲ ਹੋਣ ਤੇ ਪ੍ਰਬੰਧਕਾਂ ਵਲੋਂ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਇਸ ਸਮਾਗਮ ਵਿੱਚ ਵਿਸੇਸ ਤੌਰ ਤੇ ਪਹੁੰਚੇ ਬਾਬਾ ਮੰਗਾ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਦਾ ਕੋਟਿਨ-ਕੋਟ ਧੰਨਵਾਦ ਕੀਤਾ ਗਿਆ। ਉਹਨਾ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਲਈ 1 ਲੱਖ ਰੁਪਏ ਭੇਟਾ ਦਾਨ ਕੀਤੀ ਗਈ ਤੇ ਭੋਗ ਪੈਣ ਉਪਰੰਤ ਗੁਰਦੁਆਰਾ ਸਾਹਿਬ ਵਿਚ ਮੈਟਾਂ ਦੀ ਵਿਛਾਈ ਲਈ 10 ਹਜਾਰ ਰੁਪਏ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਭੇਟ ਕੀਤੇ।ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਸਮੂੰਹ ਨਗਰ ਨਿਵਾਸੀ ਤੋਤਾ ਸਿੰਘ ਵਾਲਾ ਦੀ ਸੰਗਤ ਵੱਲੋਂ ਸਾਂਝੇ ਤੌਰ ਤੇ ਗੁਰੂ ਘਰ ਦੀ ਨਵੀਂ ਇਮਾਰਤ ਬਣਾਈ ਗਈ ਹੈ ਜੋ ਬੇਹੱਦ ਸੁੰਦਰ ਹੈ ।ਉਨ੍ਹਾਂ ਕਿਹਾ ਕਿ ਨਗਰ ਦੇ ਸਹਿਯੋਗ ਨਾਲ ਬੇਹੱਦ ਸੁੰਦਰ ਪਿੱਤਲ ਦੀ ਬਣੀ ਹੋਈ ਪਾਲਕੀ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਸੁਸ਼ੋਭਿਤ ਕੀਤੀ ਗਈ ਹੈ,ਇਸ ਸ਼ੁੱਭ ਮੌਕੇ ਤੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਗ੍ਰੰਥੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਬਾਬਾ ਮੰਗਾ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।,ਇਸ ਮੌਕੇ ਮਾਸਟਰ ਗੁਰਬਿੰਦਰ ਸਿੰਘ,ਕੁਲਵੰਤ ਸਿੰਘ ਢਿੱਲੋਂ, ਸੁਖਪਾਲ ਸਿੰਘ ਨੰਬਰਦਾਰ,ਗੁਰਚਰਨ ਸਿੰਘ ਢਿੱਲੋਂ,ਗੁਰਸਾਹਿਬ ਸਿੰਘ ਢਿੱਲੋਂ, ਅਮਰਦੀਪ ਸਿੰਘ ਸਰਪੰਚ,ਲਖਵਿੰਦਰ ਸਿੰਘ ਫੌਜੀ,ਬੋਹੜ ਸਿੰਘ ਗਿੱਲ,ਚੰਨਣ ਸਿੰਘ ਗਿੱਲ,ਪੂਰਨ ਸਿੰਘ ਗਿੱਲ,ਰਣਜੀਤ ਸਿੰਘ ਗਿੱਲ,ਰਛਪਾਲ ਸਿੰਘ ਜੁਲਕਾ,ਬਲਜੀਤ ਸਿੰਘ ਜੁਲਕਾ, ਗੁਰਬਖ਼ਸ਼ੀਸ਼ ਸਿੰਘ ਜੁਲਕਾ,ਬਲਵੰਤ ਸਿੰਘ ਗਿੱਲ,ਜਗਜੀਤ ਸਿੰਘ,ਕੁਲਵਿੰਦਰ ਸਿੰਘ ਗਿੱਲ,ਬਲਦੇਵ ਸਿੰਘ ਢਿੱਲੋਂ,ਦਲਜੀਤ ਸਿੰਘ ਢਿੱਲੋਂ,ਹਰਦੀਪ ਸਿੰਘ ਢਿੱਲੋਂ,ਸੁਖਜੀਤ ਸਿੰਘ ਇੰਦਰ ਗਿੱਲ,ਤਲਵਿੰਦਰ ਸਿੰਘ ਗਿੱਲ,ਧਰਮ ਸਿੰਘ ਮਿਸਤਰੀ,ਮੁਖਤਿਆਰ ਸਿੰਘ ਮਿਸਤਰੀ,ਗ੍ਰੰਥੀ ਹਰਜੀਤ ਸਿੰਘ, ਗੁਰਵਿੰਦਰ ਸਿੰਘ ਮੂਸੇਵਾਲਾ,ਬਾਬਾ ਪਰਵਾਨਾ ਖੰਭੇ,ਗੁਰਪ੍ਰਤਾਪ ਸਿੰਘ ਜੁਲਕਾ,ਪਾਲਾ ਸਿੰਘ,ਲਾਲ ਸਿੰਘ,ਸੁਰਜੀਤ ਸਿੰਘ ਗਿੱਲ,ਸਿੰਮੂ ਸਿੱਧੂ,ਪਵਨਾ ਢਿੱਲੋਂ,ਅਰਸ਼ ਢਿੱਲੋਂ,ਅਨਮੋਲ ਢਿੱਲੋਂ,ਜੋਬਨ ਢਿੱਲੋਂ,ਮੰਨੂ ਢਿੱਲੋਂ,ਕਾਕੂ ਕਲਸੀ,ਸੁਖਦੇਵ ਗਿੱਲ ਸਮੇਤ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।



# ਮਨਰੇਗਾ ਮੁਲਾਜ਼ਮਾਂ ਨੂੰ ਸਰਕਾਰ ਪਹਿਲ ਦੇ ਅਧਾਰ ਤੇ ਕਰੇ ਪੱਕੇ : ਸਰਪੰਚ ਨਿਰਮਲ ਸਿੰਘ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਪੰਚਾਇਤ ਵਿਭਾਗ ਵਿੱਚ ਪਿਛਲੇ ਲੰਮੇ ਸਮੇਂ ਤੋਂ ਠੇਕਾ ਅਧਾਰਿਕ ਕੰਮ ਕਰ ਰਹੇ ਮਨਰੇਗਾ ਮੁਲਾਜ਼ਮਾਂ ਦਾ ਪਿੰਡਾਂ ਦੇ ਵਿਕਾਸ ਚ ਅਹਿਮ ਯੋਗਦਾਨ ਰਿਹਾ ਹੈ ,ਜਿਸ ਕਰਕੇ ਪੰਜਾਬ ਸਰਕਾਰ ਮਨਰੇਗਾ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪਹਿਲ ਦੇ ਅਧਾਰ ਤੇ ਪੱਕੇ ਕਰੇ । ਇਹਨਾਂ ਸਬਦਾਂ ਦਾ ਪ੍ਰਗਟਾਵਾ ਸਰਪੰਚ ਨਿਰਮਲ ਸਿੰਘ ਬਿੱਟੂ ਪਿੰਡ ਆਦੀਆ ਵੱਲੋਂ ਕੀਤਾ ਗਿਆ । ਸਰਪੰਚ ਬਿੱਟੂ ਵੱਲੋਂ ਕਿਹਾ ਕਿ ਦੀਨਾਨਗਰ ਹਲਕੇ ਦੇ ਬਲਾਕ ਦੋਰਾਂਗਲਾ ਵਿੱਚ ਕਾਂਗਰਸ ਪਾਰਟੀ ਵੱਲੋਂ ਰਿਕਾਰਡ ਤੋਰ ਵਿਕਾਸ ਕਰਵਾਇਆ ਹੈ ,ਜਿਸ ਵਿੱਚ ਮਨਰੇਗਾ ਮੁਲਾਜ਼ਮਾਂ ਦਾ ਅਹਿਮ ਰੋਲ ਰਿਹਾ ਹੈ । ਪੰਜਾਬ ਨੂੰ ਚਾਹੀਦਾ ਹੈ ਕਿ ਮਨਰੇਗਾ ਮੁਲਾਜ਼ਮਾਂ ਦੇ ਕੰਮ ਨੂੰ ਵੇਖਦੇ ਹੋਏ ਅਤੇ ਲੰਮਾ ਸਮੇਂ ਸੇਵਾਵਾਂ ਹੋਣ ਬਦਲੇ ਮਨਰੇਗਾ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ ਤੇ ਪੱਕੇ ਕਰੇ ,ਤਾਂ ਜੋ ਪਿੰਡਾਂ ਵਿੱਚ ਵਿਕਾਸ ਦੇ ਵਿਕਾਸ ਕੰਮ ਪਹਿਲਾ ਦੀ ਤਰ੍ਹਾ ਜੰਗੀ ਪੱਧਰ ਚੱਲਦੇ ਰਹਿਣ ।

# ਸਰਕਾਰੀ ਅਧਿਆਪਕਾਂ ਦੀ ਬਲਾਕ ਪੱਧਰੀ ਨੈਸ਼ਨਲ ਅਚੀਵਮੈਂਟ ਸਰਵੇ (ਨੈਸ) ਸਬੰਧੀ ਸਿਖਲਾਈ ਸ਼ੁਰੂ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਸਿੱਖਿਆ ਵਿਭਾਗ ਵੱਲੋਂ ਨੈਸਨਲ ਅਚੀਵਮੈਂਟ ਸਰਵੇ ਸਬੰਧੀ ਅਧਿਆਪਕਾਂ ਦੀ ਬਲਾਕ ਪੱਧਰੀ ਸਿਖਲਾਈ ਸੁਰੂ ਹੋ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਲ੍ਹਿਾ ਸਿੱਖਿਆ ਅਫਸਰ ਸੈਕੰ: ਹਰਪਾਲ ਸਿੰਘ ਸੰਧਾਵਾਲੀਆ ਨੇ ਦੱਸਿਆ ਕਿ ਸਾਰੇ 19 ਬਲਾਕਾਂ ਵਿੱਚ ਸੈਕੰਡਰੀ ਅਧਿਆਪਕਾਂ ਦੀ ਇੱਕ ਰੋਜਾ ਸਿਖਲਾਈ ਸੁਰੂ ਹੋਈ ਹੈ, ਜਿਸ ਦੇ ਪਹਿਲੇ ਦਿਨ ਟ੍ਰੇਨਿੰਡ ਰਿਸੋਰਸ ਪਰਸਨ ਅੱਜ ਗਣਿਤ ਅਤੇ ਪੰਜਾਬੀ ਅਧਿਆਪਕਾਂ ਦੀ ਨੈਸ ਸਬੰਧੀ ਟ੍ਰੇਨਿੰਗ ਕਰਵਾਈ ਗਈ ਹੈ ਤਾਂ ਜੋ ਬੱਚਿਆਂ ਨੂੰ ਯੋਜਨਾਬੰਦ ਤਰੀਕੇ ਨਾਲ ਨੈਸ ਦੀ ਤਿਆਰੀ ਕਰਵਾਈ ਜਾ ਸਕੇ।

ਉਨ੍ਹਾਂ ਦੱਸਿਆ ਕਿ ਅਧਿਆਪਕਾਂ ਵਿੱਚ ਇਸ ਟ੍ਰੇਨਿੰਗ ਪ੍ਰਤੀ ਬਹੁਤ ਉਤਸਾਹ ਪਾਇਆ ਜਾ ਰਿਹਾ ਹੈ। ਇਸ ਦੌਰਾਨ ਜਲ੍ਹਿਾ ਸਿੱਖਿਆ ਅਫਸਰ ਐਲੀ: ਮਦਨ ਲਾਲ ਸਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਾਇਮਰੀ ਪੱਧਰ ਤੇ ਸਾਰੇ ਅਧਿਆਪਕਾਂ ਦੀ ਦੋ ਰੋਜਾ ਟ੍ਰੇਨਿੰਗ ਸੁਰੂ ਕੀਤੀ ਗਈ ਹੈ ਜਿਸ ਵਿੱਚ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਮੈਂਬਰਾਂ ਵੱਲੋਂ ਅਧਿਆਪਕਾਂ ਨੂੰ ਨੈਸ ਦੀ ਤਿਆਰੀ ਲਈ ਸਾਰੇ ਵਿਸਿਆਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਜਿਕਰਯੋਗ ਹੈ ਕਿ ਨੈਸ ਦੀ ਤਿਆਰੀ ਸੰਬੰਧੀ ਸਮੂਹ ਸਿੱਖਿਆ ਅਧਿਕਾਰੀਆਂ ਦੀ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਿਖਲਾਈ ਕਰਵਾਈ ਜਾ ਚੁੱਕੀ ਹੈ।

ਇਸ ਦੌਰਾਨ ਅੱਜ ਡਿਪਟੀ ਡੀ.ਈ.ਓ. ਸੈਕੰ: ਲਖਵਿੰਦਰ ਸਿੰਘ , ਡਿਪਟੀ ਡੀ.ਈ.ਓ. ਐਲੀ: ਬਲਬੀਰ , ਡੀ.ਐਸ. ਐਮ. ਮਨਜੀਤ ਸਿੰਘ ਸੰਧੂ , ਸਿੱਖਿਆ ਸੁਧਾਰ ਟੀਮ , ਬੀ.ਐਨ.ਓਜ. , ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਤੇ ਪੜ੍ਹੋ ਪੰਜਾਬ ਟੀਮ ਵੱਲੋਂ ਸਿਖਲਾਈ ਸੈਂਟਰ ਵਿਜਟ ਕਰਕੇ ਚੱਲ ਰਹੀ ਟ੍ਰੇਨਿੰਗ ਦਾ ਜਾਇਜਾ ਲਿਆ। ਇਸ ਮੌਕੇ ਸਰਕਾਰੀ ਸੀਨੀ: ਸੈਕੰ : ਸਕੂਲ ਭੁੱਲਰ ਵਿਖੇ ਪਹਿਲੇ ਦਿਨ ਸਕੂਲ ਖੁੱਲਣ ਤੇ ਬੱਚਿਆਂ ਦੀ ਆਮਦ ਦੀ ਖੁਸੀ ਵਿੱਚ ਸਾਵਣ ਮਹੀਨਾ ਮਨਾਇਆ ਗਿਆ।

# ਮੈਰੀਟੋਰੀਅਸ ਸਕੂਲਾਂ ਦੇ ਅਧਿਆਪਕ 29 ਜੁਲਾਈ ਦੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਹੋਣਗੇ ਸ਼ਾਮਿਲ

**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਮੈਰੀਟੋਰੀਅਸ ਸਕੂਲਜ ਅਧਿਆਪਕ ਯੂਨੀਅਨ ,ਪੰਜਾਬ ਵੱਲੋਂ 29 ਜੁਲਾਈ ਨੂੰ ਪਟਿਆਲਾ ਦੇ ਪੁੱਡਾ ਗਰਾਉਂਡ ਵਿਖੇ ਸਾਂਝੇ ਅਧਿਆਪਕ ਮੋਰਚੇ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਵੱਡੇ ਕਾਫਲੇ ਦੇ ਰੂਪ ਵਿੱਚ ਪੂਰੇ ਜੋਸ ਨਾਲ ਸਾਮਲ ਹੋਣ ਦਾ ਐਲਾਨ ਕੀਤਾ ਗਿਆ ।

ਮੈਰੀਟੋਰੀਅਸ ਸਕੂਲਜ ਅਧਿਆਪਕ ਯੂਨੀਅਨ , ਪੰਜਾਬ ਦੀ ਗੁਰਦਾਸਪੁਰ ਇਕਾਈ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ । ਸਿੱਖਿਆ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਵਾਉਣ ਲਈ ਵੱਡੇ ਪੱਧਰ 'ਤੇ ਸੰਘਰਸ ਵਿੱਢਣ ਬਾਰੇ ਵੀ ਅਗਲੀ ਰਣਨੀਤੀ ਉਲੀਕੀ ਗਈ ।




ਇਸ ਮੌਕੇ ਯੂਨੀਅਨ ਦੇ ਜਲ੍ਹਿਾ ਆਗੂ ਹਰਪ੍ਰੀਤ ਗੋਨਿਆਣਾ ਨੇ ਕਿਹਾ ਕਿ ਪਿਛਲੇ ਸੱਤ ਸਾਲਾਂ ਤੋਂ ਠੇਕੇ ਦੀ ਨੌਕਰੀ ਦਾ ਸੰਤਾਪ ਹੰਢਾ ਰਹੇ ਅਧਿਆਪਕ 29 ਜੁਲਾਈ ਨੂੰ ਪਟਿਆਲੇ ਵਿਖੇ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟਾਉਣਗੇ ।ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਸਾਡੀ ਰੈਗੂਲਰ ਕਰਨ ਦੀ ਮੰਗ ਨੂੰ ਜਲਦ ਨਾ ਮੰਨਿਆ ਗਿਆ ਤਾਂ ਉਹ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦੇ ਸਹਿਰਾਂ ਵਿੱਚ ਪੱਕੇ ਮੋਰਚੇ ਲਾ ਕੇ ਬੈਠਣ ਲਈ ਮਜਬੂਰ ਹੋਣਗੇ ।





# ਕਾਂਗਰਸ ਸਰਕਾਰ ਜੀਰੀ ਬੀਜਣ ਲਈ ਕਰ ਰਹੀ ਹੈ ਬਲਟਾਣਾ ਦੀਆ ਸੜਕਾਂ ਤਿਆਰ : ਐਨ ਕੇ ਸ਼ਰਮਾ

## ਲੋਕਾਂ ਦੀ ਸਮਸਿਆ ਨਾਲ ਕਾਂਗਰਸ ਦਾ ਕੋਈ ਸਰੋਕਾਰ ਨਹੀ

**ਜੀਰਕਪੁਰ/ਰਵੀ ਜੀਰਕਪੁਰ**

ਪੰਜਾਬ ਵਿੱਚ ਹਰ ਫਰੰਟ ਤੇ ਫੇਲ ਹੋ ਚੁੱਕੀ ਕਾਂਗਰਸ ਸਰਕਾਰ ਦਾ ਲੋਕਾਂ ਦੀਆਂ ਸਮਸਿਆਵਾਂ ਨਾਲ ਕੋਈ ਸਰੋਕਾਰ ਨਹੀ ਹੈ ਬਰਸਾਤਾਂ ਦੇ ਦਿਨ ਾ ਵਿੱਚ ਜੀਰਕਪੁਰ ਨਗਰ ਕੌਂਸ਼ਲ ਵਿੱਚ ਕਾਬਜ ਕਾਂਗਰਸ ਸਰਕਾਰ ਵਲੋਂ ਪੁੱਟੀਆਂ ਸੜਕਾਂ ਤੋਂ ਲਗਦਾ ਹੈ ਕਿ ਕਾਂਗਰਸ ਸਰਕਾਰ ਵਲੋਂ ਬਲਟਾਣਾ ਦੀਆਂ ਸੜਕਾ ਤੇ ਜੀਰੀ ਬੀਜਣ ਦੀ ਤਿਆਰੀ ਕੀਤੀ ਜਾ ਰਹੀ ਹੈ ਕਾਂਗਰਸ ਦੀਆ ਮਾੜੀਆਂ ਅਤੇ ਅਨਾੜੀ ਨੀਤੀਆਂ ਨੇ ਹਰ ਵਪਾਰੀ ਵਰਗ ਦੇ ਮੂੰਹ ਵਿੱਚੋਂ ਰੋਟੀ ਖੋਹਣ ਵਿੱਚ ਕੋਈ ਕਸਰ ਨਹੀ ਚੱਡੀ ਜਾ ਰਹੀ ਹੈ ਇਨ ਾ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਨ ਕੇ ਸ਼ਰਮਾ ਨੇ ਬਲਟਾਣਾ ਦੀ ਪੀਰ ਬਾਬਾ ਸੜਕ ਦੀ ਖਸਤਾ ਹਾਲਤ ਦਾ ਜਾਇਜਾ ਲੈਣ ਤੋਂ ਬਾਅਦ ਕੀਤਾ ਉਨ ਾ ਕਿਹਾ ਕਿ ਇਸ ਸਮੇ ਜੀਰਕਪੁਰ ਨਗਰ ਕੌਂਸ਼ਲ ਵਲੋਂ ਬਲਟਾਣਾ ਖੇਤਰ ਦੀਆਂ ਸਾਰੀਆਂ ਸੜਕਾਂ ਪੁੱਟੀਆ ਹੋਈਆਂ ਹਨ ਜਿਸ ਤੋਂ ਲਗਦਾ ਹੈ ਕਿ ਇਸ ਵਾਰ ਕਾਂਗਰਸ ਸਰਕਾਰ ਵਲੋਂ ਸੜਕਾਂ ਤੇ ਹੀ ਜੀਤੀ ਬੀਜਣ ਦੀ ਤਿਆਰੀ ਕੀਤੀ ਜਾ ਰਹੀ ਹੈ ਇਸ ਮੌਕੇ ਲੋਕਾਂ ਨੇ ਉਨ ਾਂ ਨੂੰ ਦਸਿਆ ਕਿ ਇੱਕ ਪਾਸੇ ਤਾਂ ਪਹਿਲਾਂ ਹੀ ਕੋਰੋਨਾ ਬਿਮਾਰੀ ਕਾਰਨ ਉਨ ਾਂ ਦਾ ਵਪਾਰ ਠੱਪ ਪਿਆ ਸੀ ਅਤੇ ਜੇਕਰ ਹੁਣ ਤਿਉਹਾਰਾਂ ਦੇ ਸੀਜਨ ਵਿੱਚ ਉਨ ਾ ਦਾ ਵਪਾਰ ਖੁੱਲਣ ਦੀ ਕੋਈ ਉਮੀਦ ਸੀ ਤਾਂ ਪ੍ਰਸ਼ਾਸ਼ਨ ਨੇ ਉਨ ਾਂ ਦੀਆਂ ਦੁਕਾਨਾ ਅੱਗੇ ਸੜਕਾਂ ਪੁਟਵਾ ਦਿੱਤੀਆਂ ਹਨ ਅਤੇ ਕੰਮ ਅੱਧ ਵਿਚਕਾਰ ਪਿਆ ਹੋਣ ਕਾਰਨ ਇਨ ਾ ਸੜਕਾਂ ਤੋਂ ਲੰਘਣਾ ਵੀ ਮੁਸ਼ਕਿਲ ਹੋ ਗਿਆ ਹੈ ਉਨ ਾ ਦਸਿਆਂ ਕਿ ਬੀਤੇ ਕਲ ਇਸ ਸੜਕ ਤੋਂ ਤਿਲਕ ਕੇ ਇੱਕ ਬਜੁਰਗ ਵਿਅਕਤੀ ਵੀ ਅਪਣੀਆਂ ਹੱਡੀਆ ਤੁੜਵਾ ਚੁਕਿਆ ਹੈ ਲੋਕਾਂ ਨੇ ਦਸਿਆ ਕਿ ਕਾਂਗਰਸ ਦੇ ਨੁਮਾਇੰਦਿਆ ਨੂੰ ਲੋਕਾਂ ਦੀ ਕਿਸੇ ਵੀ ਸਮਸ਼ਿਆ ਨਾਲ ਕੋਈ ਵਾਸਤਾ ਨਹੀ ਹੈ ਓਤੇ ਉਹ ਅਪਣੇ ਦਫਤਰਾਂ ਵਿੱਚ ਬੈਠੇ ਆਨੰਦ ਮਾਣ ਰਹੇ ਹਨ ਜਦਕਿ ਸ਼ਹਿਰ ਦੀ ਆਮ ਜਨਤਾ ਖੱਜਲ ਖੁਆਰ ਹੋ ਰਹੀ ਹੈ ਵਿਧਾਇਕ ਐਨ ਕੇ ਸ਼ਰਮਾ ਨੇ ਲੋਕਾਂ ਦੀ ਸਮਸਿਆ ਸੁਣ ਤੋਂ ਬਾਅਦ ਕਿਹਾ ਕਿ ਜਦੋਂ ਸ਼ਹਿਰ ਦੀ ਕਮਾਨ ਅਨਾੜੀ ਹੱਥਾ ਵਿੱਚ ਆ ਜਾਵੇ ਤਾ ਉਸ ਸ਼ਹਿਰ ਵਿੱਚ ਵਿਕਾਸ ਦੀ ਉਮੀਦ ਖਤਮ ਹੋ ਜਾਂਦੀ ਹੈ ਉਨ ਾਂ ਕਿਹਾ ਕਿ ਬਲਟਾਣਾ ਫਰਨੀਚਰ ਮਾਰਕੀਟ ਦੇ ਦੁਕਦਾਨਦਾਰਾਂ ਦੀ ਸਮਸਿਆ ਨੂੰ ਵੇਖਦੇ ਹੋਏ ਉਨ ਾ ਦੀ ਟੀਮ ਵਲੋਂ ਉੱਥੇ ਵੀ ਮਿੱਟੀ ਪੁਆ ਕੇ ਹਾਲਤ ਸੁਧਾਰੀ ਗਈ ਸੀ ਅਤੇ ਜੇਕਰ ਪਰਸ਼ਾਸ਼ਨ ਨੇਦੋ ਦਿਨ ਵਿੱਚ ਪੀਰਬਾਬਾ ਸੜਕ ਤੇ ਮੁਰਮੰਤ ਦਾ ਕੰਮ ਨਹੀ ਕਰਵਾਇਆ ਤਾਂ ਅਕਾਲੀਦਲ ਵਲੋਂ ਲੇਬਰ ਲਗਾ ਕੇ ਇਸ ਸੜਕ ਤੇ ਜਰਿ ਲਗਵਾ ਦਿੱਤੀ ਜਾਵੇਗੀ।

# ਸਿਹਤ ਵਿਭਾਗ ਕਰੋਨਾ ਦੀ ਤੀਜੀ ਲਹਿਰ ਦਾ ਮੁਕਾਬਲਾ ਕਰਨ ਲਈ ਤਿਆਰ : ਬਲਬੀਰ ਸਿੰਘ ਸਿੱਧੂ



**ਮੋਗਾ/ਪ੍ਰੇਮ ਸਰਮਾ**

ਬੀਤੇ ਦਿਨੀਂ ਮੋਗਾ - ਕੋਟ ਇਸੇ ਖਾਂ ਸੜਕ ਉੱਤੇ ਹੋਏ ਹਾਦਸੇ ਵਿੱਚ ਜਖਮੀ ਹੋਏ ਮਰੀਜਾਂ ਦਾ ਹਾਲ ਚਾਲ ਪੁੱਛਣ ਲਈ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ੍ਰ ਬਲਬੀਰ ਸਿੰਘ ਸਿੱਧੂ ਅੱਜ ਵਿਸੇਸ ਤੌਰ ਉੱਤੇ ਮੋਗਾ ਦੇ ਸਿਵਲ ਹਸਪਤਾਲ ਵਿਖੇ ਪਹੁੰਚੇ। ਇਸ ਮੌਕੇ ਉਹਨਾਂ ਨਾਲ ਡਾਕਟਰ ਹਰਜੋਤ ਕਮਲ, ਸ੍ਰ ਦਰਸਨ ਸਿੰਘ ਬਰਾੜ, ਸ੍ਰ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਸ੍ਰ ਕੁਲਬੀਰ ਸਿੰਘ ਜੀਰਾ (ਸਾਰੇ ਵਿਧਾਇਕ), ਸਾਬਕਾ ਮੰਤਰੀ ਸ੍ਰੀਮਤੀ ਮਾਲਤੀ ਥਾਪਰ, ਸਾਬਕਾ ਵਿਧਾਇਕ ਸ੍ਰੀ ਵਿਜੈ ਸਾਥੀ, ਡਿਪਟੀ ਕਮਿਸਨਰ ਸ੍ਰੀ ਸੰਦੀਪ ਹੰਸ, ਸ੍ਰੀ ਹਰਕੇਸ ਚੰਦ ਸਰਮਾ ਰਾਜਸੀ ਸਕੱਤਰ ਸਿਹਤ ਮੰਤਰੀ ਪੰਜਾਬ, ਅਤੇ ਹੋਰ ਕਈ ਪ੍ਰਮੁੱਖ ਸਖਸੀਅਤਾਂ ਹਾਜਰ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ ਸਿੱਧੂ ਨੇ ਦੱਸਿਆ ਕਿ ਸਿਹਤ ਵਿਭਾਗ ਕਰੋਨਾ ਦੀ ਤੀਜੀ ਲਹਿਰ ਦਾ ਮੁਕਾਬਲਾ ਕਰਨ ਲਈ ਤਿਆਰ ਹੈ। ਸਿਹਤ ਵਿਭਾਗ ਨੇ ਪਿਛਲੇ ਸਮੇਂ ਦੌਰਾਨ ਇਸ ਦਿਸਾ ਵਿੱਚ ਕਾਫੀ ਮਿਹਨਤ ਕੀਤੀ ਹੈ। ਅੱਜ ਵਿਭਾਗ ਪਹਿਲੀ ਅਤੇ ਦੂਜੀ ਲਹਿਰ ਦੇ ਮੁਕਾਬਲੇ 25 ਫੀਸਦੀ ਵਧੇਰੇ ਮਰੀਜਾਂ ਨੂੰ ਸੰਭਾਲਣ ਦੇ ਸਮਰੱਥ ਹੋ ਗਿਆ ਹੈ। ਸਰਕਾਰੀ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਗਿਣਤੀ ਹੋਰ ਵਧਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਸੂਬੇ ਵਿੱਚ ਆਕਸੀਜਨ ਦੀ ਕਮੀ ਨੂੰ ਦੂਰ ਕਰਨ ਲਈ 78 ਪੀ ਐੱਸ ਏ ਪਲਾਂਟ ਸਥਾਪਤ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਆਕਸੀਜਨ ਟੈਂਕਰਾਂ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਮਰੀਜਾਂ ਨਾਲ ਗੱਲਬਾਤ ਕਰਦਿਆਂ ਸ੍ਰ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜ੍ਹੀ ਵਿੱਚ ਪੀੜਤ ਪਰਿਵਾਰਾਂ ਦੇ ਨਾਲ ਖੜੀ ਹੈ। ਉਹਨਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਐਲਾਨ ਕੀਤਾ ਹੈ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ, ਜਖਮੀਆਂ ਨੂੰ 50-50 ਹਜਾਰ ਅਤੇ ਮੁਫਤ ਇਲਾਜ ਕਰਾਇਆ ਜਾਵੇਗਾ। ਇਸ ਹਾਦਸੇ ਵਿਚ ਜਾਨ ਗਵਾਉਣ ਵਾਲੇ ਲੋਕਾਂ ਬਾਰੇ ਉਹਨਾਂ ਕਿਹਾ ਕਿ ਇਹ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ ਪਰ ਇਸ ਦੁੱਖ ਵਿੱਚ ਪਰਿਵਾਰਾਂ ਨੂੰ ਢਾਰਸ ਦੇਣ ਲਈ ਉਹ ਹਮੇਸਾਂ ਨਾਲ ਖੜ੍ਹੇ ਹਨ। ਇਸ ਮੌਕੇ ਉਹਨਾਂ ਨੇ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਜੇਰੇ ਇਲਾਜ ਮਰੀਜਾਂ ਨੂੰ ਜਲਦ ਠੀਕ ਕਰਨ ਲਈ ਹਰ ਸੰਭਵ ਕੋਸਸਿ ਕਰਨ।

# ਹਲਕਾ ਧਰਮਕੋਟ 'ਚ ਆਮ ਆਦਮੀ ਪਾਰਟੀ ਦਾ ਵੱਡਾ ਹੋ ਰਿਹਾ ਕਾਫਲਾ

**ਮੋਗਾ ਕੋਟ ਈਸੇ ਖਾਂ/ ਦਵਿੰਦਰ ਸਿੰਘ ਬਿੱਟੂ**

ਆਮ ਆਦਮੀ ਪਾਰਟੀ ਦਾ ਹਲਕਾ ਧਰਮਕੋਟ ਚ ਕਾਫਲਾ ਦਿਨ ਬ ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਆਪਣੀ ਸਰਕਾਰੀ ਨੌਕਰੀ ਤੋ ਅਸਤੀਫਾ ਦੇਕੇ ਸਰਕਾਰਾਂ ਵਿਰੁੱਧ ਤਿੱਖੇ ਸੰਘਰਸ਼ ਦਾ ਤਜਰਬਾ ਰੱਖਣ ਵਾਲੇ ਜਸਵਿੰਦਰ ਸਿੰਘ ਸਿੱਧੂ ਨੇ ਹਲਕਾ ਧਰਮਕੋਟ ਚ ਦਿਨ ਰਾਤ ਇਕ ਕੀਤਾ ਹੋਇਆ। ਆਮ ਆਦਮੀ ਪਾਰਟੀ ਦੇ ਲਗਾਤਾਰ ਪਿੰਡਾਂ ਚ ਹੋ ਇਕੱਠਾਂ ਨੇ ਵਿਰੋਧੀਆਂ ਨੂੰ ਚਿੰਤਾ ਚ ਪਾ ਦਿੱਤਾ ਹੈ। ਸਿੱਧੂ ਵਿਰੁੱਧ ਅਕਾਲੀਆਂ ਕਾਂਗਰਸੀਆਂ ਦਾ ਕੂੜ ਪ੍ਰਚਾਰ ਪਿੰਡਾਂ ਚ ਆਪ ਦੀਆਂ ਹੋ ਰਹੀਆਂ ਜਬਰਦਸਤ ਮੀਟਿੰਗਾਂ ਨੇ ਠੁੱਸ ਕਰ ਦਿੱਤਾ ਹੈ। ਲੋਕ ਜਾਣ ਚੁੱਕੇ ਹਨ। ਵਿਰੋਧੀਆਂ ਨੂੰ ਸਿੱਧੂ ਹੀ ਟੱਕਰ ਦੇ ਸਕਦਾ ਤਾਂ ਹੀ ਇਹ ਸਿੱਧੂ ਵਿਰੁੱਧ ਸਭ ਤੋ ਵੱਧ ਬੋਲ ਰਹੇ ਹਨ। ਹਲਕਾ ਧਰਮਕੋਟ ਦੇ ਪਿੰਡ ਚੀਮਾਂ ਚ ਸਰਕਲ ਪ੍ਰਧਾਨ ਤੀਰਥ ਮੱਲੀ ਅਤੇ ਸੈਕਟਰੀ ਪ੍ਰਵੀਨ ਦੀ ਅਗਵਾਈ ਚ ਚੁੱਘਾ ਖੁਰਦ,ਕੜਿਆਲ, ਨੂਰਪੁਰ, ਕੋਟ ਸਦਰ ਖਾਂ,ਚੀਮਾਂ ਦੇ ਸੈਕਟਰੀ ਅਤੇ ਵਲੰਟੀਅਰ ਦੀ ਹੋਈ ਮੀਟਿੰਗ ਚ ਕੇਜਰੀਵਾਲ ਦੀਆਂ ਬਿਜਲੀ ਸਬੰਧੀ ਗਰੰਟੀਆਂ ਤੇ ਰੱਖੇ ਪ੍ਰੋਗਰਾਮ ਚ ਹਲਕਾ ਧਰਮਕੋਟ ਤੋ ਆਪ ਆਗੂ ਜਸਵਿੰਦਰ ਸਿੰਘ ਸਿੱਧੂ,ਬਲਾਕ ਪ੍ਰਧਾਨ ਬਲਦੇਵ ਸਿੰਘ ਬਲਖੰਡੀ,ਆਪ ਆਗੂ ਨਿਰਮਲ ਸਿੰਘ ਕੋਟ ਖਾਂ, ਸਦਰ,ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ, ਵਿਸ਼ੇਸ਼ ਤੋਰ ਤੇ ਪੁੱਜੇ। ਪਿੰਡ ਚੀਮਾ ਆਮ ਆਦਮੀ ਪਾਰਟੀ ਜਿੰਦਾਬਾਦ ਦੇ ਨਾਅਰਿਆਂ ਨਾਲ ਗੂਜ ਉਠਿਆ।ਜਸਵਿੰਦਰ ਸਿੰਘ ਸਿੱਧੂ ਨੇ ਕਿਹਾ ਹਲਕਾ ਧਰਮਕੋਟ ਚ ਇਸ ਵਾਰ ਲੋਕ ਝਾੜੂ ਫੇਰਨਗੇ ਜੋ ਹਲਕਾ ਧਰਮਕੋਟ ਚ ਪਏ ਗੰਦ ਨੂੰ ਸਾਫ ਕਰੇਗਾ। ਲੋਕ ਸਾਫ ਸੁਥਰੇ ਅਕਸ ਵਾਲੇ ਲੋਕਾਂ ਨੂੰ ਪੰਜਾਬ ਦੀ ਸੱਤਾ ਦੇ ਨਕਸ਼ੇ ਤੇ ਦੇਖਣਾ ਚਾਹੁੰਦੇ ਹਨ। ਜੋ ਪੰਜਾਬ ਦਾ ਭਲਾ ਕਰ ਸਕਣ। ਉਹਨਾ ਕਿਹਾ 4 ਅਗਸਤ ਤੋ ਬਾਅਦ ਪਿੰਡਾਂ ਚ ਵੱਡੇ ਪ੍ਰੋਗਰਾਮਾਂ ਦੀ ਲੜੀ ਅਰੰਭੀ ਜਾਵੇਗੀ ਉਹ ਘਰ ਘਰ ਜਾਕੇ ਇਕੱਲੇ ਇਕੱਲੇ ਵੋਟਰ ਨਾਲ ਸਪੰਰਕ ਕਰਨਗੇ। ਇਸ ਮੋਕੇ ਤੇ ਉਹਨਾ ਨਾਲ ਗੁਰਵੰਤ ਸਿੰਘ ਵਿਰਕ,ਚਮਕੌਰ ਸਿੰਘ ਚੁੱਘਾ,ਦਰਸ਼ਨ ਸਿੰਘ ਮੱਲੀ,ਰਾਮ ਰੱਖਾ,ਸਲਵਿੰਦਰ ਸਿੰਘ, ਜੱਗਾ,ਸੁਜਾਨ ਸਿੰਘ, ਮਨਜੀਤ ਸਿੰਘ ਫੋਜੀ,ਸ਼ਿਦਰ ਸਿੰਘ ਬੱਗਾ,ਗੁਰਜੰਟ ਸਿੰਘ, ਸੁਖਵਿੰਦਰ ਸਿੰਘ ਸੁੱਖਾ ਆਦਿ ਆਗੂ ਹਾਜਰ ਸਨ।

**ਹਲਕਾ ਧਰਮਕੋਟ ਦੇ ਲੋਕ ਫੇਰਨਗੇ ਝਾੜੂ- ਜਸਵਿੰਦਰ ਸਿੰਘ ਸਿੱਧੂ**



# ਕੋਆਪ੍ਰੇਟਿਵ ਸੋਸਾਇਟੀ ਕੜਿਆਲ ਦੇ ਪ੍ਰਧਾਨ ਬਣੇ ਬਲਤੇਜ ਗਿੱਲ

**ਧਰਮਕੋਟ/ਦਵਿੰਦਰ ਸਿੰਘ ਬਿੱਟੂ ਰਣਜੀਤ ਸਿੰਘ ਸੰਧੂ**



ਕੋਆਪ੍ਰਟਿਵ ਸੋਸਾਇਟੀ ਕੜਿਆਲ ,ਕੜਿਆਲ ਖੁਰਦ ਚੁਘਾ ਖੁਰਦ ਤੇ ਚੀਮਾ ਦੀ ਚੋਣ ਹਲਕਾ ਵਿਧਾਇਕ ਸੁਖਜੀਤ ਸਿੰਘ ਲੋਹਗੜ੍ਹ ਦੀ ਅਗਵਾਈ ਹੇਠ ਸਰਬ ਸੰਮਤੀ ਨਾਲ ਹੋਈ ।ਇਸ ਮੌਕੇ ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਬਲਤੇਜ ਸਿੰਘ ਗਿੱਲ ,ਜਗਰਾਜ ਸਿੰਘ ਗਿੱਲ ਮੀਤ ਪ੍ਰਧਾਨ , ਮੀਤ ਪ੍ਰਧਾਨ ਕੁਲਦੀਪ ਸਿੰਘ, ਗੁਰਨੇਕ ਸਿੰਘ ਸੇਖੋਂ ਕਮੇਟੀ ਮੈਂਬਰ, ਭੁਪਿੰਦਰ ਸਿੰਘ ਧਾਲੀਵਾਲ ਕਮੇਟੀ ਮੈਂਬਰ, ਜਗਤਾਰ ਸਿੰਘ, ਹਰਜਿੰਦਰ ਕੌਰ ਗਿੱਲ, ਲਖਵਿੰਦਰ ਕੌਰ, ਲਵਦੀਪ ਸਿੰਘ ਮੱਲੀ ਚੁੱਘਾ ਖੁਰਦ ਕਮੇਟੀ ਮੈਂਬਰ,ਆਤਮਾ ਸਿੰਘ ਚਾਹਲ ਸਾਬਕਾ ਪ੍ਰਧਾਨ ਬੁਧ ਸਿੰਘ ਚੀਮਾ ,ਸਾਰੇ ਕੋਆਪ੍ਰੇਟਿਵ ਸੁਸਾਇਟੀ ਦੇ ਮੈਂਬਰ ਚੁਣੇ ਗਏ ! ਇਸ ਮੌਕੇ ਨਵੀਂ ਬਣੀ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਨਵੇਂ ਬਣੇ ਪ੍ਰਧਾਨ ਬਲਦੇਵ ਸਿੰਘ ਗਿੱਲ ਅਤੇ ਸਮੁੱਚੀ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਹਲਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਨੂੰ ਜੋਂ ਜੰਮਿਵਾਰੀ ਸੌਂਪੀ ਹੈ ਉਸ ਨੂੰ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ। ਇਸ ਮੌਕੇ ਚੇਅਰਮੈਨ ਬਲਾਕ ਸੰਮਤੀ ਪ੍ਰਿਤਪਾਲ ਸਿੰਘ, ਸਾਬਕਾ ਪ੍ਰਧਾਨ ਬਲਦੇਵ ਸਿੰਘ, ਸਰਪੰਚ ਰੁਪਿੰਦਰਜੀਤ ਸਿੰਘ ਧਾਲੀਵਾਲ ਕੜਿਆਲ ਖੁਰਦ, ਸੂਬੇਦਾਰ ਸੁਰਜੀਤ ਸਿੰਘ, ਬਲਵਿੰਦਰ ਸਿੰਘ ਸੇਖੋਂ, ਜਗਦੀਸ ਸਿੰਘ ਚਾਹਲ, ਪ੍ਰੀਤਮ ਪਾਲ, ਬਲਬੀਰ ਸਿੰਘ, ਜਸਵੀਰ ਸਿੰਘ ਗਿੱਲ ,ਸਰਬਜੀਤ ਸਿੰਘ ਚੀਮਾ, ਹਰਦੇਵ ਸਿੰਘ ਗਿੱਲ, ਜਗਤਾਰ ਸਿੰਘ ਮੈਂਬਰ ਨਗਿਦਰ ਸਿੰਘ ਧਾਲੀਵਾਲ, ਸੋਹ ਸਿੰਘ ਗਿੱਲ, ਨਿਰਮਲ ਸਿੰਘ ਸੁਖਦੇਵ ਸਿੰਘ ਜਗਤਾਰ ਸਿੰਘ ਹਰਦੇਵ ਸਿੰਘ ਅਤੇ ਨੰਬਰਦਾਰ ਅਜੈਬ ਸਿੰਘ ਵਿਸੇਸ ਤੌਰ ਤੇ ਹਾਜਰ ਸਨ।

PB 32 LOUNGE AND BAR







M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# 63 ਲੱਖ ਦੀ ਲਾਗਤ ਨਾਲ ਬਣਾਈ ਸੜਕ ਤੀਸਰੀ ਵਾਰ ਧੱਸੀ

**ਜੀਰਕਪੁਰ/ਰਵੀ ਜੀਰਕਪੁਰ**

ਜ਼ੀਰਕਪੁਰ-ਪਟਿਆਲਾ ਹਾਈਵੇ ਤੋਂ ਵਾਰਡ ਨੰਬਰ 26 ਪਿੰਡ ਨਾਭਾ ਸਾਹਿਬ ਦੇ ਨਜ਼ਦੀਕ ਹਵਾਈ ਫੌਜ ਦੇ ਫੌਜੀ ਟਿਕਾਣੇ ਵੱਲ ਨੂੰ ਜਾਂਦੀ ਹਾਈ ਗਰਾਊਂਡ ਸੜਕ 'ਤੇ ਇੱਕ ਸਾਲ ਪਹਿਲਾਂ 63 ਲੱਖ ਰੁਪਏ ਖ਼ਰਚ ਕਰਕੇ ਬਣਾਈ ਗਈ ਸੜਕ ਬੀਤੇ ਦਿਨ ਪਏ ਕੁੱਝ ਘੰਟਿਆਂ ਦੇ ਮੀਂਹ ਤੋਂ ਬਾਅਦ ਧੱਸ ਗਈ ਹੈ । ਇਹ ਸੜਕ ਇੱਕ ਸਾਲ ਵਿੱਚ ਤੀਜੀ ਵਾਰ ਧਸੀ ਹੈ ।ਜਿਸ ਨੇ ਨਗਰ ਕੌਂਸਲ ਦੀ ਕਾਰਵਾਈ ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ ਲਗਾਤਾਰ ਤੀਸਰੀ ਵਾਰ ਸੜਕ ਦੱਸਣ ਦੇ ਬਾਵਜੂਦ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਸਬੰਧਤ ਠੇਕੇਦਾਰ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਹੈ ।ਜਿਸ ਦਾ ਕਾਰਨ ਠੇਕੇਦਾਰ ਵਲੋਂ ਅਧਿਕਾਰੀਆਂ ਸਮੇਤ ਹਲਕੇ ਦੀ ਕਮਾਨ ਸੰਬਾਲ ਰਹੇ ਵੱਡੇ ਆਗੂ ਦੀ ਜੇਬ ਗਰਮ ਕਰਨਾ ਮੰਨਿਆ ਜਾ ਰਿਹਾ ਹੈ ਹਾਸਲ ਜਾਣਕਾਰੀ ਮੁਤਾਬਕ ਵਾਰਡ ਨੰਬਰ 26 ਵਿੱਚ ਪੈਂਦੇ ਪਿੰਡ ਨਾਭਾ ਸਾਹਿਬ ਦੇ ਨਜ਼ਦੀਕ ਪਟਿਆਲਾ ਸੜਕ ਤੋਂ ਏਅਰਫੋਰਸ ਸਟੇਸ਼ਨ ਹਾਈ ਗਰਾਉਂਡ ਨੂੰ ਜਾਣ ਵਾਲੀ ਸੜਕ ਦੇ ਹਾਲਤ ਨੂੰ ਸੁਧਾਰਨ ਲਈ ਨਗਰ ਕੌਂਸਲ ਜ਼ੀਰਕਪੁਰ ਵੱਲੋਂ ਬੀਤੇ ਸਾਲ ਮਈ 2020 ਨੂੰ ਉਸਾਰੀ ਕਾਰਜ ਸ਼ੁਰੂ ਕੀਤਾ ਸੀ, ਜਿਸ ਵਿੱਚ ਸੜਕ ਨੂੰ ਚੋੜਾ ਕਰਨ ਤੋਂ ਇਲਾਵਾ ਸੀਵਰੇਜ ਲਾਈਨ ਵੀ ਪਾਈ ਗਈ ਸੀ। ਜਿਸ ਦੇ ਤਹਿਤ ਨਗਰ ਕੌਂਸਲ ਵੱਲੋਂ ਕਰੀਬ 63 ਲੱਖ ਰੁਪਏ ਖਰਚ ਕੀਤੇ ਗਏ ਸਨ ਤਾਂ ਜੋ ਸੜਕ ਨਿਰਮਾਣ ਤੋਂ ਬਾਅਦ ਨਜਦੀਕ ਦੀਆਂ ਕਰੀਬ 2 ਦਰਜਣ ਕਲੋਨੀਆਂ ਅਤੇ ਸੁਸਾਇਟੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਆਵਾਜਾਈ ਦੇ ਦੌਰਾਨ ਮੁਸ਼ਕਲਾਂ ਦਾ ਸਾਮਣਾ ਨਾ ਕਰਨਾ ਪਵੇ। ਪਰ ਇਸ ਸੜਕ ਦੇ ਨਿਰਮਾਣ ਦੇ ਕੁਝ ਦਿਨ ਬਾਅਦ ਹੀ ਜਲਦਬਾਜੀ ਵਿੱਚ ਬਣਾਈ ਇਹ ਸੜਕ ਦੱਸ ਗਈ ਜਿਸ ਨੂੰ ਠੇਕੇਦਾਰ ਵਲੋਂ ਮੁੜ ਮੁਰਮੰਤ ਕਰਵਾ ਦਿੱਤਾ ਗਿਆ ਸੀ ਇਸ ਤੋਂ ਬਾਅਦ ਇਹ



ਸੜਕ ਫਿਰ ਦੱਸ ਗਈ ਅਤੇ ਬੀਤੇ ਦਿਨ ਪਏ ਕੁੱਝ ਘੰਟਿਆਂ ਦੇ ਮੀਂਹ ਤੋਂ ਬਾਅਦ ਸੜਕ ਅਚਾਨਕ ਫਿਰ ਹੇਠਾਂ ਧੱਸ ਗਈ। ਇਸ ਸੜਕ ਦਾ ਇਸਤਾਮਾਲ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਉਨ ਾਂ ਵਲੋਂ ਇਸ ਸੜਕ ਦੀ ਮੁਰਮੰਤ ਕਰਵਾਉਣ ਲਈ ਅਤੇ ਸੜਕ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਬੇਨਤੀ ਕੀਤੀ ਗਈ ਸੀ ਪਰ ਕਿਸੇ ਵੀ ਅਧਿਕਾਰੀ ਵਲੋਂ ਕੋਈ ਕਾਰਵਾਈ ਨਹੀ ਕੀਤੀ ਗਈ ਲੋਕਾਂ ਨੇ ਦਸਿਆ ਕਿ ਵਾਰਡ ਦੇ ਕੌਂਸਲਰ ਅਤੇ ਵਿਭਾਗੀ ਅਧਿਕਾਰੀਆਂ ਦੇ ਅਵੇਸਲੇਪਣ ਕਾਰਨ ਉਨ ਾਂ ਵਲੋਂ ਧੱਸੀ ਹੋਈ ਸੜਕ ਦੇ ਦੁਆਲੇ ਇੱਟਾਂ ਲਾ ਕੇ ਅਤੇ ਲਾਲ ਝੰਡੀ ਲਾ ਕੇ ਰਾਹਗੀਰਾਂ ਨੂੰ ਸਾਵਧਾਨ ਕਰ ਦਿੱਤਾ ਹੈ ਜਿਸ ਨਾਲ ਕੋਈ ਵੱਡਾ ਹਾਦਸਾ ਹੋਣੋਂ ਬਚ ਗਿਆ ਪਰ ਜੇਕਰ ਜਲਦੀ ਹੀ ਇਸ ਟੋਏ ਨੂੰ ਭਰ ਕੇ ਸੜਕ ਦੀ ਮੁਰੰਮਤ ਨਾ ਕੀਤੀ ਗਈ ਤਾਂ ਕਦੇ ਵੀ ਕੋਈ ਵੱਡਾ ਹਾਦਸਾ ਹੋ ਸਕਦਾ ਹੈ। ਲੋਕਾਂ ਨੇ ਪ੍ਰਸਾਸ਼ਨ ਤੋਂ ਇਸ ਸੜਕ ਨੂੰ ਤੁਰੰਤ ਠੀਕ ਕਰਨ ਦੀ ਮੰਗ ਕੀਤੀ ਹੈ। ਮਾਮਲੇ ਸਬੰਧੀ ਸੰਪਰਕ ਕਰਨ ਤੇ ਵਾਰਡ ਨੰਬਰ 26 ਦੇ ਕੌਂਸਲਰ ਨਵਜੋਤ ਸਿੰਘ ਨੇ ਕਿਹਾ ਕਿ ਨਗਰ ਕੌਸ਼ਲ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਵਲੋਂ ਠੇਕੇਦਾਰ ਨੂੰ ਤਲਬ ਕੀਤਾ ਗਿਆ ਹੈ ਜਿਸ ਤੋਂ ਬਾਅਦ ਹੀ ਠੇਕੇਦਾਰ ਕੋਈ ਕਾਰਵਾਈ ਕੀਤੀ ਜਾ ਸਕੇਗੀ ਜਦਕਿ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸੰਦੀਪ ਤਿਵਾੜੀ ਨੇ ਕਿਹਾ ਠੇਕੇਦਾਰ ਨੂੰ ਮੁੜ ਸੜਕ ਦਾ ਨਿਰਮਾਣ ਕਨਰ ਲਈ ਕਹਿ ਦਿੱਤਾ ਗਿਆ ਹੈ।

**■ ਦੋ ਤਸਲੇ ਮਿੱਟੀ ਦੇ ਪਾ ਕੇ ਵੀ ਫੇਸਬੁੱਕ ਤੇ ਲਾਈਵ ਹੋਣ ਵਾਲੇ ਕਿਸੇ ਆਗੂ ਨੇ ਨਹੀ ਲਈ ਸੜਕ ਦੀ ਸਾਰ**

# ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏ ਪ੍ਰਸ਼ਾਸਨ : ਬੰਨੀ ਸੰਧੂ

## ਪੁਲਿਸ ਦੀ ਗਸ਼ਤ ਵਧਾ ਕੇ ਤੁਰੰਤ ਸੀਸੀਟੀਵੀ ਕੈਮਰੇ ਲਗਾਏ ਜਾਣ ਦੀ ਕੀਤੀ ਮੰਗ

**ਜੀਰਕਪੁਰ/ਰਵੀ ਜੀਰਕਪੁਰ**

ਪੰਜਾਬ ਐਗਰੋ ਇੰਡਸਟਰੀ ਦੇ ਵਾਈਸ ਚੇਅਰਮੈਨ ਮਨਪ੍ਰੀਤ ਸਿੰਘ ਬੰਨੀ ਸੰਧੂ ਨੇ ਜ਼ੀਰਕਪੁਰ ਅਤੇ ਡੇਰਾਬਸੀ ਵਿੱਚ ਔਰਤਾਂ ਦੇ ਨਾਲ਼ ਹੋਣ ਵਾਲੀ ਅਪਰਾਧਿਕ ਘਟਨਾਵਾਂ ਤੇ ਚਿੰਤਾ ਪ੍ਰਗਟ ਕਰਦੇ ਹੋਏ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੁਲਿਸ ਦੀ ਗਸ਼ਤ ਵਧਾਉਂਦੇ ਹੋਏ ਨਗਰ ਕੋਸਲਾਂ ਦੀ ਮਦਦ ਨਾਲ ਹਰ ਜਨਤਕ ਥਾਂ ਤੇ ਸੀਸੀਟੀਵੀ ਕੈਮਰੇ ਲਗਵਾਉਣ ਦੇ ਪ੍ਰਬੰਧ ਕਰਨ। ਬੰਨੀ ਸੰਧੂ ਬਲਟਾਣਾ ਵਿਚ ਨਾਰੀ ਸ਼ਕਤੀ ਸੰਗਠਨ ਵੱਲੋਂ ਆਯੋਜਿਤ ਮੀਟਿੰਗ ਨੂੰ ਸੰਬੋਧਿਤ ਕਰ ਰਹੇ ਸਨ। ਮੀਟਿੰਗ ਵਿੱਚ ਸ਼ਾਮਲ ਸੰਗਠਨ ਦੀ ਪ੍ਰਧਾਨ ਮਮਤਾ ਰਾਣਾ, ਕੋਮਲ, ਨੀਰੂ, ਅੰਨੂ ਅਤੇ ਹੋਰ ਮਹਿਲਾਵਾਂ ਦੇ ਨਾਲ਼ ਹੋਣ ਵਾਲੀ ਅਪਰਾਧਿਕ ਘਟਨਾਵਾਂ ਤੇ ਚਿੰਤਾ ਦਰਸ਼ਾਉਂਦੇ ਹੋਏ ਕਿਹਾ ਕਿ ਇਥੇ ਆਏ ਦਿਨ ਔਰਤਾਂ ਨਾਲ਼ ਝਪਟਮਾਰੀ ਦੀ ਘਟਨਾਵਾਂ ਹੋ ਰਹੀਆਂ ਹਨ। ਜ਼ੀਰਕਪੁਰ ਅਤੇ ਡੇਰਾਬਸੀ ਵਿੱਚ ਭੀੜ ਭਾੜ ਵਾਲੇ ਖੇਤਰਾਂ ਵਿੱਚ ਨਾ ਤਾਂ ਪੁਲਿਸ ਦੀ ਗਸ਼ਤ ਹੁੰਦੀ ਹੈ ਅਤੇ ਨਾ ਹੀ ਕੈਮਰੇ ਲੱਗੇ ਹੋਏ ਹਨ। ਜ਼ੀਰਕਪੁਰ ਵਿੱਚ ਜਿਨ ਾਂ ਥਾਵਾਂ ਤੇ ਕੈਮਰੇ ਲੱਗੇ ਹੋਏ ਹਨ ਉਨ ਾਂ ਵਿੱਚੋਂ ਜ਼ਿਆਦਾਤਰ ਕੰਮ ਨਹੀਂ ਕਰ ਰਹੇ ਹਨ। ਜਿਸਦਾ ਲਾਭ ਲੈਕੇ ਸਮਾਜ ਵਿਰੋਧੀ ਅਨਸਰ ਔਰਤਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਔਰਤਾਂ ਦੀ ਸਮੱਸਿਆ ਸੁਣਨ ਤੋਂ ਬਾਅਦ ਬੰਨੀ ਸੰਧੂ ਨੇ ਜ਼ੀਰਕਪੁਰ ਅਤੇ ਡੇਰਾਬਸੀ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਛੇਤੀ ਤੋਂ ਛੇਤੀ ਕੈਮਰੇ ਲਗਾਉਣ ਦਾ ਕੰਮ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਸੰਧੂ ਨੇ ਨਾਰੀ ਸ਼ਕਤੀ ਸੰਗਠਨ ਦੀ ਪ੍ਰਤਿਨਿਧੀਆਂ ਨਾਲ਼ ਗਲਬਾਤ ਵਿਚ ਕਿਹਾ ਕਿ ਉਹ ਛੇਤੀ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਦੇ ਲਈ ਸੈਲਫ ਹੈਲਪ ਗਰੁੱਪ ਦੇ ਰਾਹੀਂ ਪੰਜਾਬ ਸਰਕਾਰ ਦੀਆਂ ਯੋਜਨਾਵਾਂ ਦੇ ਅਨੁਸਾਰ ਕੰਮ ਸ਼ੁਰੂ ਕਰਵਾਉਣਗੇ। ਇਸ ਮੌਕੇ ਤੇ ਅਨੀਤਾ, ਰੇਣੂ, ਪ੍ਰਤਿਭਾ, ਵਿਜੇ ਰਾਣੀ ਤੋਂ ਇਲਾਵਾ ਹਰੀਸ਼ ਪਾਂਡੇ, ਵਿਕਾਸ ਖਰਬ, ਹਿਤੇਸ਼ ਸਾਹਿਲ ਤੋਂ ਇਲਾਵਾ ਕਈ ਪਤਵੰਤੇ ਮੌਜੂਦ ਸਨ।



## ਸੜਕ ਹਾਦਸੇ ਵਿੱਚ ਇੱਕ ਦੀ ਮੌਤ-ਇੱਕ ਜਖਮੀ

**ਜੀਰਕਪੁਰ/ਰਵੀ ਜੀਰਕਪੁਰ** : ਢਕੋਲੀ ਖੇਤਰ ਵਿੱਚ ਪੰਚਕੂਲਾ ਸੜਕ ਤੇ ਵਾਪਰੇ ਸੜਕ ਹਾਦਸੇ ਵਿੱਚ ਜਖਮੀ ਹੋਏ ਐਕਟਿਵਾ ਸਵਾਰ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ ਜਦਕਿ ਉਸ ਦਾ ਸਾਥੀ ਗੰਭੀਰ ਰੂਪ ਵਿੱਚ ਇਲਾਜ ਕਰਵਾ ਰਿਹਾ ਹੈ ਪੁਲਿਸ ਨੇ ਹਾਦਸੇ ਲਈ ਕਥਿਤ ਦੋਸ਼ੀ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ਪੁਲਿਸ ਸੂਤਰਾਂ ਅਨੁਸਾਰ ਗੰਗਾ ਰਾਮ ਸਾਹੂ ਵਾਸੀ ਭਾਰਤ ਇੰਨਕਲੇਵ ਢਕੋਲੀ 24 ਜੁਲਾਈ ਨੂੰ ਵਕਤ ਕਰੀਬ ਰਾਤ ਦੇ 10 ਵਜੇ ਆਪਣੀ ਐਕਟਿਵਾ ਤੇ ਸਵਾਰ ਹੋ ਕੇ ਡਿਊਟੀ ਲਈ ਪੰਚਕੂਲਾ ਜਾ ਰਿਹਾ ਸੀ। ਜਦੋਂ ਉਸਦਾ ਭਰਾ ਜ਼ੀਰਕਪੁਰ ਪੰਚਕੂਲਾ ਫਲਾਈਓਵਰ ਢਕੋਲੀ ਸਾਹਮਣੇ ਹੋਟਲ ਓਰਚਿਡ ਨਜ਼ਦੀਕ ਪਹੁੰਚਿਆ ਤਾਂ ਪਿੱਛੇ ਤੋਂ ਸਫਾਰੀ ਕਾਰ ਦੇ ਚਾਲਕ ਨੇ ਕਥਿਤ ਰੂਪ ਵਿੱਚ ਉਸ ਦੇ ਭਰਾ ਨੂੰ ਅਪਣੀ ਚਪੇਟ ਵਿੱਚ ਲੈ ਲਿਆ ਜਿਸ ਕਾਰਨ ਉਸਦਾ ਭਰਾ ਸੜਕ ਤੇ ਡਿੱਗ ਗਿਆ ਤੇ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਇਸ ਦੌਰਾਨ ਹਾਦਸੇ ਦੀ ਚਪੇਟ ਵਿੱਚ ਆਇਆ ਇੱਕ ਰੇਹੜੀ ਚਾਲਕ ਛੋਟੂ ਰਾਮ ਪੁੱਤਰ ਰਾਮਜੀ ਆਰੀਆ ਵਾਸੀ ਪੰਚਕੂਲਾ ਵੀ ਜ਼ਖਮੀ ਹੋ ਗਿਆ।

# ਕੁਦਰਤੀ ਨਾਲੇ ਵਿੱਚ ਸੀਵਰੇਜ਼ ਸੁੱਟੇ ਜਾਣ ਤੇ ਪੰਚਕੂਲਾ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਉਲਝੀ ਕੌਂਸਲਰ ਨੇਹਾ ਸ਼ਰਮਾ

**■ ਹਰਿਆਣਾ ਪ੍ਰਸ਼ਾਸ਼ਨ ਦੀ ਵਧੀਕੀ ਕਿਸੇ ਕੀਮਤ ਤੇ ਨਹੀ ਕਰਾਂਗੇ ਬਰਦਾਸ਼ਤ**

**ਜੀਰਕਪੁਰ/ਰਵੀ ਜੀਰਕਪੁਰ**

ਅੱਜ ਬਾਅਦ ਦੁਪਹਿਰ ਬਲਟਾਨਾ ਖ਼ੇਤਰ ਵਿੱਚ ਪੰਚਕੂਲਾ ਪ੍ਰਸ਼ਾਸ਼ਨ ਵੱਲੋਂ ਸੈਕਟਰ 19 ਪੰਚਕੂਲਾ ਵਿਚ ਜਾਮ ਹੋਏ ਸੀਵਰੇਜ਼ ਦੇ ਪਾਣੀ ਨੂੰ ਜਦੋਂ ਜੀਰਕਪੁਰ ਖ਼ੇਤਰ ਵਿੱਚੋ ਲੰਘਦੇ ਕੁਦਰਤੀ ਨਾਲ਼ੇ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮਾਮਲੇ ਦੀ ਜਾਂਣਕਾਰੀ ਮਿਲਣ ਤੋਂ ਬਾਅਦ ਵਾਰਡ 5 ਦੀ ਕੌਂਸਲਰ ਨੇਹਾ ਸ਼ਰਮਾ ਅਤੇ ਪੰਚਕੂਲਾ ਨਗਰ ਨਿਗਮ ਦੇ ਅਧਿਕਾਰੀਆਂ ਵਿੱਚ ਝੜਪ ਹੋ ਗਈ। ਨੇਹਾ ਸ਼ਰਮਾ ਨੇ ਦੋਸ਼ ਲਗਾਇਆ ਕਿ ਕੇਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਐਨਜੀਟੀ ਦੇ ਹੁਕਮਾਂ ਦੇ ਉਲਟ ਪੰਚਕੂਲਾ ਸੈਕਟਰ 19 ਦਾ ਸੀਵਰੇਜ਼ ਉਨ ਾਂ ਦੇ ਖ਼ੇਤਰ ਵਿੱਚੋ ਗੁਜ਼ਰਦੇ ਕੁਦਰਤੀ ਨਾਲੇ ਵਿੱਚ ਛੱਡਿਆ ਜਾ ਰਿਹਾ ਹੈ ਜਿਸ ਲਈ ਬਕਾਇਦਾ ਇਸਦੇ ਲਈ ਸੀਵਰੇਜ਼ ਲਾਈਨ ਤੱਕ ਪਾਈ ਗਈ ਹੈ। ਉਨ ਾਂ ਕਿਹਾ ਕਿ ਇੱਕ ਪਾਸੇ ਤਾਂ ਐਨ ਜੀ ਟੀ ਅਤੇ ਹਾਈਕੋਰਟ ਪ੍ਰਦੂਸ਼ਣ ਦੇ ਮਾਮਲੇ ਨੂੰ ਲੈ ਕੇ ਸਖ਼ਤ ਹੈ ਜਿਸ ਦਾ ਮੰਨਣਾ ਹੈ ਕਿ ਕੁਦਰਤੀ ਨਾਲੀਆਂ ਵਿੱਚ ਸੀਵਰੇਜ ਦਾ ਗੰਦਾ ਪਾਣੀ ਨਹੀਂ ਛੱਡਿਆ ਜਾ ਸਕਦਾ। ਦੂਜੇ ਪਾਸੇ ਨਗਰ ਨਿਗਮ ਪੰਚਕੂਲਾ ਦੇ ਅਧਿਕਾਰੀ ਸਾਜ਼ਿਸ਼ ਦੇ ਤਹਿਤ ਸੀਵਰੇਜ਼ ਨੂੰ ਕੁਦਰਤੀ ਨਾਲੇ ਵਿੱਚ ਛੱਡ ਕੇ ਹੁਕਮਾਂ ਦੀ ਧੱਜੀਆਂ ਉਡਾ ਰਹੇ ਹਨ ਜਿਸਦਾ ਖਾਮਿਆਜਾ ਬਲਟਾਨਾ ਦੀ ਕਈ ਕਾਲੋਨੀਆਂ ਦੇ ਵਸਨੀਕਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਮੌਕੇ ਨੇਹਾ ਸ਼ਰਮਾ ਦੇ ਨਾਲ ਵੱਡੀ ਗਿਣਤੀ ਵਿੱਚ ਬਲਟਾਨਾ ਦੇ ਲੋਕ ਵੀ ਸਨ। ਦੂਜੇ ਪਾਸੇ ਨਗਰ ਨਿਗਮ ਦੇ ਜੇਈ ਅਤੇ ਸੈਕਟਰ 19 ਦੇ ਲੋਕ ਵੀ ਮੌਕੇ ਉੱਤੇ ਮੌਜੂਦ ਸਨ। ਇਸ ਮੌਕੇ ਬਹਿਸ ਹੋਣ 'ਤੇ ਦੋਵੇਂ ਧਿਰਾਂ ਵੱਲੋਂ ਸੰਬੰਧਿਤ ਪੁਲਿਸ ਨੂੰ ਮਾਮਲੇ ਦੀ ਜਾਂਣਕਾਰੀ ਦਿੱਤੀ ਗਈ ਜਿਸ ਤੇ ਪੁਲਿਸ ਪਾਰਟੀਆਂ ਨੇ ਅਮਨ ਕਨੂੰਨ ਦੀ ਸਥਿਤੀ ਨੂੰ ਕਾਇਮ ਰੱਖਿਆ ਗਿਆ। ਵਾਰਡ 5 ਦੀ ਕੌਂਸਲਰ ਨੇਹਾ ਸ਼ਰਮਾ ਨੇ ਦੋਸ਼ ਲਗਾਇਆ ਕਿ ਸੋਮਵਾਰ ਸਵੇਰੇ ਬਰਸਾਤ ਪੈਣ ਕਾਰਨ ਸੈਕਟਰ 19 ਵਾਲੇ ਪਾਸੇ ਸੜਕ ਤੇ ਸੀਵਰ ਦਾ ਪਾਣੀ ਖੜਾ ਹੋ ਗਿਆ ਪਾਣੀ ਦੀ ਨਿਕਾਸੀ ਲਈ ਪੰਚਕੂਲਾ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਸੜਕ ਤੋੜੀ ਗਈ ਅਤੇ ਗੰਦਾ ਪਾਣੀ ਵਾਰਡ 5 ਬਲਟਾਣਾ ਵਿੱਚੋ ਗੁਜ਼ਰਦੇ ਬਰਸਾਤੀ ਨਾਲ਼ੇ ਵਿੱਚ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਗਈ। ਜਿਸ ਲਈ ਜ਼ੀਰਕਪੁਰ ਨਗਰ ਕੌਂਸਲ ਵੱਲੋਂ ਪੰਚਕੂਲਾ ਤੋਂ ਬਰਸਾਤੀ ਪਾਣੀ ਆਉਣ ਤੋਂ ਰੋਕਣ ਲਈ ਪੰਜਾਬ ਦੇ ਖ਼ੇਤਰ ਵਿੱਚ ਬਣਾਏ ਗਏ ਰੈਂਪ ਨੂੰ ਵੀ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਇਸ ਮੌਕੇ ਨੇਹਾ ਸ਼ਰਮਾ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ ਤੇ ਆਪਣੇ ਖ਼ੇਤਰ ਵਿੱਚ ਪੰਚਕੂਲਾ ਦਾ ਪ੍ਰਦੂਸ਼ਿਤ ਪਾਣੀ ਬਿਲਕੱਲ ਵੀ ਬਰਦਾਸ਼ਤ ਨਹੀਂ ਕਰਨਗੇ ਉਨ ਾਂ ਕਿਹਾ ਕਿ ਪਹਿਲਾਂ ਵੀ ਪੰਚਕੁਲਾ ਵਲੋਂ ਛੱਡੇ ਜਾਦੇ ਪਾਣੀ ਕਾਰਨ ਬਲਟਾਣਾ ਦੀ ਕਾਲੋਨੀਆ ਕਈ ਦਿਨ ਤੱਕ ਪਾਣੀ ਵਿੱਚ ਡੁੱਬੀਆ ਰਹਿੰਦੀਆਂ ਹਨ ਉਨ ਾਂ ਕਿਹਾ ਕਿ ਉਨ ਾਂ ਵਲੋਂ ਹਰਿਆਣਾ ਪਰਸ਼ਾਸ਼ਨ ਦੀ ਵਧੀਕੀ ਸਹਿਨ ਨਹੀ ਕੀਤੀ ਜਾਵੇਗੀ ਅਤੇ ਜੇਕਰ ਲੋੜ ਪਈ ਤਾਂ ਉਹ ਹਾਈਕੋਰਟ ਜਾ ਐਨਜੀਟੀ ਦਾ ਦਰਵਾਜ਼ਾ ਖੜਕਾਉਣ ਤੋਂ ਗੁਰੇਜ ਨਹੀ ਕਰਨਗੇ।



# ਮ੍ਰਿਤਕ ਵਿਅਕਤੀ ਦੀ ਥਾਂ ਦੂਜੇ ਵਿਅਕਤੀ ਨੇ ਕਰਵਾਈ ਪਲਾਟ ਦੀ ਰਜਿਸਟਰੀ

**ਜੀਰਕਪੁਰ/ਰਵੀ ਜੀਰਕਪੁਰ**

ਜ਼ੀਰਕਪੁਰ ਸਬ ਤਹਿਸੀਲ ਇਕ ਵਿਅਕਤੀ ਨੇ ਝਰਿਕਪੁਰ ਦੀ ਅਕਾਲੀ ਕੌਰ ਸਿੰਘ ਕਾਲੋਨੀ ਦੇ ਇੱਕ ਮ੍ਰਿਤਕ ਵਿਅਕਤੀ ਦੀ ਥਾਂ ਤੇ ਜਾਅਲੀ ਮਾਲਕ ਬਣ ਕੇ 240 ਗਜ ਦੇ ਪਲਾਟ ਦੀ ਰਜਿਸਟਰੀ ਕਰਵਾ ਲਈ ਮਾਮਲੇ ਸਬੰਧੀ ਪਤਾ ਲੱਗਦੇ ਹੀ ਜ਼ੀਰਕਪੁਰ ਦੇ ਨਾਇਬ ਤਹਿਸੀਲਦਾਰ ਜੀਰਕਪੁਰ ਨੇ ਰਜਿਸਟਰੀ ਰੱਦ ਕਰਕੇ ਮਾਮਲੇ ਦੀ ਰਿਪੋਰਟ ਉੱਚ ਅਧਿਕਾਰੀਆਂ ਨੂੰ ਭੇਜੀ ਹੈ ਜਿਨ ਾਂ ਵਲੋਂ ਪੁਲਿਸ ਨੂੰ ਇਸ ਮਾਮਲੇ ਵਿੱਚ ਸ਼ਾਮਿਲ ਸਾਰੇ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਨ ਦੀ ਸ਼ਿਫਾਰਿਸ਼ ਕੀਤੀ ਹੈ ਫਿਲਹਾਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਜ਼ੀਰਕਪੁਰ ਦੇ ਨਾਇਬ ਤਹਿਸੀਲਦਾਰ ਪੁਨੀਤ ਬਾਂਸਲ ਨੇ ਦੱਸਿਆ ਕਿ 7 ਜੁਲਾਈ 2021 ਨੂੰ ਜ਼ੀਰਕਪੁਰ ਦੀ ਅਕਾਲੀ ਕੌਰ ਸਿੰਘ ਕਲੋਨੀ ਵਿੱਚ ਪਏ ਇੱਕ 240 ਗਜ਼ ਦੇ ਪਲਾਟ ਦਾ ਮਾਲਕ ਬਣ ਕੇ ਅਜੈਬ ਸਿੰਘ ਨਾਮਕ 25 ਸਾਲਾ ਵਿਅਕਤੀ ਨੇ ਪਲਾਟ ਦੀ ਰਜਿਸਟਰੀ ਗੁਰਮੀਤ ਕੌਰ ਵਾਸੀ ਰਾਇਲ ਅੰਪਾਇਰ ਜੀਰਕਪੁਰ ਦੇ ਨਾਮ ਕਰਵਾ ਦਿੱਤੀ ਉਨ ਾਂ ਦੱਸਿਆ ਕਿ ਰਜਿਸਟਰੀ ਤੋਂ ਕੁਝ ਦਿਨ ਬਾਅਦ ਮ੍ਰਿਤਕ ਅਜੈਬ ਸਿੰਘ ਦੇ ਜਵਾਈ ਬਲਜੀਤ ਸਿੰਘ ਨੇ ਉਨ ਾਂ ਨੂੰ ਸ਼ਿਕਾਇਤ ਦਿੱਤੀ ਕਿ ਉਸ ਦੇ ਸਹੁਰਾ ਅਜੈਬ ਸਿੰਘ ਦੀ 75 ਸਾਲ ਦੀ ਉਮਰ ਵਿੱਚ ਮੌਤ ਹੋ ਚੁੱਕੀ ਹੈ ਅਤੇ ਕਿਸੇ ਵਿਅਕਤੀ ਨੇ ਉਸ ਦੀ ਥਾਂ ਜਾਅਲੀ ਅਜੈਬ ਸਿੰਘ ਬਣ ਕੇ ਉਨ ਾਂ ਦਾ ਪਲਾਟ ਕਿਸੇ ਨੂੰ ਵੇਚ ਕੇ ਉਨ ਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ ਜਿਸ ਤੋਂ ਬਾਅਦ ਉਨ ਾਂ ਮਾਮਲੇ ਦੀ ਪੜਤਾਲ ਕਰਦੇ ਹੋਏ ਉਸ ਰਜਿਸਟਰੀ ਨੂੰ ਲਿਖਣ ਵਾਲੇ ਅਰਜ਼ੀਨਵੀਸ ਨਾਲ ਸੰਪਰਕ ਕੀਤਾ ਜਿਸ ਰਾਹੀਂ ਉਨ ਾਂ ਵੱਲੋਂ ਪਲਾਂਟ ਦੀ ਖਰੀਦਦਾਰ ਗੁਰਮੀਤ ਕੌਰ ਵਾਸੀ ਰਾਇਲ ਅੰਪਾਇਰ ਜੀਰਕਪੁਰ ਨਾਲ ਸੰਪਰਕ ਕਰਕੇ ਉਸ ਨੂੰ ਅਪਣੇ ਦਫਤਰ ਵਿੱਚ ਬੁਲਾਇਆ ਗਿਆ ਜਿਸ ਤੋਂ ਇਸ ਸਬੰਧੀ ਕੀਤੀ ਗਈ ਪੜਤਾਲ ਵਿੱਚ ਪਤਾ ਲਗਿਆ ਕਿ ਉਸ ਨੇ ਇਹ ਪਲਾਟ ਜ਼ੀਰਕਪੁਰ ਦੇ ਇੱਕ ਵਿਅਕਤੀ ਸੁਖਜਿੰਦਰ ਸਿੰਘ ਸੋਢੀ ਦੇ ਕਹਿਣ ਤੇ ਚਾਲੀ ਲੱਖ ਰੁਪਏ ਵਿੱਚ ਖਰੀਦ ਕੀਤਾ ਹੈ ਪ੍ਰੰਤੂ ਉਹ ਪਲਾਟ ਖ਼ਰੀਦਣ ਸਬੰਧੀ ਚਾਲੀ ਲੱਖ ਰੁਪਏ ਦੀ ਅਦਾਇਗੀ ਦਾ ਕੋਈ ਸਬੂਤ ਪੇਸ਼ ਨਹੀਂ ਕਰ ਸਕੀ ਅਤੇ ਉਸ ਨੇ ਮੰਨਿਆ ਕਿ ਰਜਿਸਟਰੀ ਵਿੱਚ ਪਲਾਟ ਦੀ ਅਦਾਇਗੀ ਲਈ ਦਿੱਤਾ ਗਿਆ ਚੈੱਕ ਨੰਬਰ ਵੀ ਗਲਤ ਹੈ ਪੁਨੀਤ ਬਾਂਸਲ ਨੇ ਦੱਸਿਆ ਕਿ ਜਿਸ ਕਰੀਬ 25 ਸਾਲਾ ਵਿਅਕਤੀ ਵੱਲੋਂ ਪਲਾਟ ਦਾ ਮਾਲਕ ਅਜੈਬ ਸਿੰਘ ਬਣ ਕੇ ਰਜਿਸਟਰੀ ਕਰਵਾਈ ਗਈ ਹੈ ਉਸ ਵੱਲੋਂ ਸਬੂਤ ਵਜੋਂ ਆਪਣਾ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਲਗਾਏ ਗਏ ਸਨ ਜਿਸ ਦੀ ਪੁਸਟੀ ਵਕੀਲ ਵਲੋਂ ਕੀਤੀ ਗਈ ਸੀ ਅਤੇ ਉਨ ਾਂ ਵਲੋਂ ਇਨ ਾਂ ਦਸਤਾਵੇਜਾਂ ਦੇ ਆਧਾਰ ਤੇ ਉਸ ਦੀ ਰਜਿਸਟਰੀ ਕੀਤੀ ਗਈ ਹੈ ਉਨ ਾਂ ਦਸਿਆ ਕਿ ਉਨ ਾਂ ਵਲੋਂ ਮਾਮਲੇ ਸਬੰਧੀ ਸਾਰੀ ਰਿਪੋਰਟ ਬਣਾ ਕੇ ਤਹਿਸੀਲਦਾਰ ਡੇਰਾਬਸੀ ਨੂੰ ਭੇਜੀ ਗਈ ਹੈ ਜਿਸ ਵਿੱਚ ਪਲਾਟ ਵੇਚਣ ਵਾਲੇ ਜਾਅਲੀ ਅਜੈਬ ਸਿੰਘ ,ਖਰੀਦਦਾਰ ਔਰਤ ਗੁਰਮੀਤ ਕੌਰ, ਮਾਮਲੇ ਦੇ ਕਿੰਗਪਿੰਨ ਸੁਖਜਿੰਦਰ ਸਿੰਘ ਸੋਢੀ ਅਤੇ ਦਸਤਾਵੇਜਾਂ ਦੀ ਪੁਸ਼ਟੀ ਕਰਨ ਵਾਲੇ ਵਕੀਲ ਖਿਲਾਫ ਕਾਰਵਾਈ ਕਰਨ ਦੀ ਸ਼ਿਫਾਰਿਸ਼ ਕੀਤੀ ਗਈ ਹੈ ਇਸ ਸਬੰਧੀ ਸੰਪਰਕ ਕਰਨ ਤੇ ਜ਼ੀਰਕਪੁਰ ਥਾਣਾ ਮੁਖੀ ਓਂਕਾਰ ਸਿੰਘ ਬਰਾੜ ਨੇ ਦੱਸਿਆ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

**■ ਨਾਇਬ ਤਸੀਲਦਾਰ ਨੇ ਰਜਿਸਟਰੀ ਰੱਦ ਕਰਕੇ ਕੀਤੀ ਪੁਲਿਸ ਕਾਰਵਾਈ ਦੀ ਸਿਫਾਰਿਸ਼**

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਹਲਕਾ ਜੰਡਿਆਲਾ ਗੁਰੂ ਤੇ ਵੱਖ-ਵੱਖ ਪਿੰਡਾਂ ਵਿਚ ਵਰਕਰਾਂ ਦੀਆਂ ਮੁਸ਼ਕਲਾਂ ਸੁਣਦੇ ਹੋਏ ਜਥੇਦਾਰ ਮੀਰਾਂਕੋਟ

**ਅੰਮ੍ਰਿਤਸਰ/ਪਰਗਟ ਸਿੰਘ ਭੰਗੂ**

ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸਰਦਾਰ ਅਜੇਪਾਲ ਸਿੰਘ ਮੀਰਾਂਕੋਟ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਵੱਖ ਵੱਖ ਪਿੰਡਾਂ ਵਿਚ ਮੀਟਿੰਗਾਂ ਦਾ ਸਿਲਸਿਲਾ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਜਥੇਦਾਰ ਮੀਰਾਂਕੋਟ ਨੇ ਦੱਸਿਆ ਕਿ ਉਹ ਹਲਕਾ ਜੰਡਿਆਲਾ ਗੁਰੂ ਦੇ ਵੱਖ ਵੱਖ ਪਿੰਡਾਂ ਵਿਚ ਜਾ ਕੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਹੌਸਲੇ ਬੁਲੰਦ ਕਰ ਰਹੇ ਨੇ ਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਹਲਕਾ ਜੰਡਿਆਲਾ ਗੁਰੂ ਤੋਂ ਤਿਆਰੀ ਕਰ ਰਹੇ ਨੇ ਇਸ ਮੌਕੇ ਤੇ ਮੀਟਿੰਗ ਦੌਰਾਨ ਗੱਲਬਾਤ ਕਰਦੇ ਹੋਏ ਗੁਲਜਿੰਦਰ ਸਿੰਘ ਲਾਡੀ ਨੇ ਦੱਸਿਆ ਕਿ ਹਲਕਾ ਜੰਡਿਆਲਾ ਗੁਰੂ ਦੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰਹ ਆ ਰਹੀਆਂ ਮੁਸ਼ਕਲਾਂ ਸੁਣ ਰਾਏ ਨੇ ਜਥੇਦਾਰ ਮੀਰਾਂਕੋਟ ਇਸ ਮੌਕੇ ਤੇ ਗੱਲਬਾਤ ਕਰਦੇ ਹੋਏ ਗੁਲਜਿੰਦਰ ਸਿੰਘ ਲਾਡੀ ਨੇ ਦੱਸਿਆ ਕਿ 2022 ਵਿਧਾਨ ਸਭਾ ਚੋਣਾਂ ਵਿਚ ਹਲਕਾ ਜੰਡਿਆਲਾ ਗੁਰੂ ਤੋਂ ਸ ਅਜੇਪਾਲ ਸਿੰਘ ਮੀਰਾਂਕੋਟ ਨੂੰ ਬਹੁਤ ਵੱਡੀ ਲੀਡ ਨਾਲ ਜਿਤਾ ਕੇ ਪੰਜਾਬ ਵਿਧਾਨ ਸਭਾ ਭੇਜਾਂਗੇ ਗੁਲਜਿੰਦਰ ਸਿੰਘ ਲਾਡੀ ਨੇ ਦੱਸਿਆ ਕਿ ਹਲਕਾ ਜੰਡਿਆਲਾ ਗੁਰੂ ਦੇ ਵਰਕਰਾਂ ਵਿੱਚ ਜਥੇਦਾਰ ਮੀਰਾਂਕੋਟ ਨੂੰ ਲੈ ਕੇ ਕਾਫੀ ਉਤਸ਼ਾਹ ਹੈ ਕਿਉਂਕਿ ਜਥੇਦਾਰ ਮੀਰਾਂਕੋਟ ਨੇ ਹਲਕਾ ਜੰਡਿਆਲਾ ਗੁਰੂ ਦੇ ਲਗਪਗ ਸੱਠ ਪਰਸੈਂਟ ਆਟਾ ਦਾਲ ਸਕੀਮ ਵਾਲੇ ਨੀਲੇ ਕਾਰਡ ਬਣਾਏ ਸੀ ਜਦ ਉਹ ਅਕਾਲੀ ਸਰਕਾਰ ਵਿੱਚ ਦਸ ਸਾਲ ਪਨਸਪ ਦੇ ਚੇਅਰਮੈਨ ਸੀ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਹਲਕਾ ਜੰਡਿਆਲਾ ਗੁਰੂ ਦੇ ਹਰ ਦੁੱਖ ਸੁੱਖ ਵਿੱਚ ਸ਼ਰੀਕ ਹੋ ਰਹੇ ਨੇ ਜਥੇਦਾਰ ਮੀਰਾਂਕੋਟ ਇਸ ਕਰਕੇ ਜਥੇਦਾਰ ਮੀਰਾਂਕੋਟ ਨੂੰ ਲੈ ਕੇ ਲੋਕਾਂ ਵਿਚ ਬਹੁਤ ਭਾਰੀ ਉਤਸ਼ਾਹ ਹੈ ਆਖਰ ਵਿੱਚ ਗੁਲਜਿੰਦਰ ਸਿੰਘ ਲਾਡੀ ਨੇ ਦੱਸਿਆ ਕਿ ਕੇਵਲ ਔਰ ਕੇਵਲ ਇਕ ਸ ਅਜੇਪਾਲ ਸਿੰਘ ਮੀਰਾਂਕੋਟ ਹੀ ਹੈ ਜੋ ਹਲਕਾ ਜੰਡਿਆਲਾ ਗੁਰੂ ਤੋਂ ਬਹੁਤ ਆਸਾਨੀ ਨਾਲ ਸੀਟ ਜਿੱਤ ਸਕਦਾ ਹੈ ਲਾਡੀ ਤੇ ਸਮੂਹ ਵਰਕਰਾਂ ਨੇ ਦੱਸਿਆ ਕਿ ਅਸੀਂ ਸਰਦਾਰ ਅਜੇਪਾਲ ਸਿੰਘ ਮੀਰਾਂਕੋਟ ਦੇ ਨਾਲ ਚੱਟਾਨ ਵਾਂਗ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਾਂ ਇਸ ਮੌਕੇ ਤੇ ਹਾਜਰ ਸਕੱਤਰ ਸਿੰਘ ਗੁਲਜਿੰਦਰ ਸਿੰਘ ਲਾਡੀ ਰਜਿੰਦਰ ਸਿੰਘ ਸ਼ਾਹ ਮਹਿਤਾ ਸ਼ਮਸ਼ੇਰ ਸਿੰਘ ਹਰਦੀਪ ਸਿੰਘ ਮਹਿਤਾ ਰਾਜਬੀਰ ਸਿੰਘ ਲਖਵਿੰਦਰ ਸਿੰਘ ਲੱਖਾ ਭੁਪਿੰਦਰ ਸਿੰਘ ਰਣਜੀਤ ਸਿੰਘ ਮੰਗਲ ਸਿੰਘ ਸਿਕੰਦਰ ਸਿੰਘ ਰਾਜਦੀਪ ਸਿੰਘ ਰਣਜੀਤ ਸਿੰਘ ਮਨਜਿੰਦਰ ਸਿੰਘ ਸੁਰਿੰਦਰ ਸਿੰਘ ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।



# ਤਾਲਮੇਲ ਕਮੇਟੀ ਪੈਰਾਮੈਡੀਕਲ ਅਤੇ ਸਿਹਤ ਕਰਮਚਾਰੀ ਮੋਗਾ ਨੇ ਸਿਹਤ ਮੰਤਰੀ ਨੂੰ ਮੰਗ ਪੱਤਰ ਸੌਂਪਿਆ



**ਮੋਗਾ/ਦਵਿੰਦਰ ਸਿੰਘ ਬਿੱਟੂ**

ਸਿਹਤ ਮੰਤਰੀ ਪੰਜਾਬ ਬਲਵੀਰ ਸਿੰਘ ਸਿੱਧੂ ਦੀ ਸਿਵਲ ਹਸਪਤਾਲ ਮੋਗਾ ਦੀ ਫੇਰੀ ਦੌਰਾਨ ਸਿਹਤ ਵਿਭਾਗ ਦੀ ਸਿਰਮੌਰ ਜੱਥੇਬੰਦੀ ਤਾਲਮੇਲ ਕਮੇਟੀ ਪੈਰਾਮੈਡੀਕਲ ਅਤੇ ਸਿਹਤ ਕਰਮਚਾਰੀ ਜਿਲ੍ਹਾ ਮੋਗਾ ਦਾ ਇੱਕ ਸੱਤ ਮੈਂਬਰੀ ਵਫਦ ਆਪਣੀਆਂ ਭਖਦੀਆਂ ਮੰਗਾਂ ਦੇ ਸਬੰਧ ਵਿੱਚ ਜਿਲ੍ਹਾ ਕਨਵੀਨਰ ਕੁਲਬੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਸਿਹਤ ਮੰਤਰੀ ਨੂੰ ਮਿਲਿਆ। ਜਿਕਰਯੋਗ ਹੈ ਕਿ ਡਾਕਟਰਾਂ ਸਮੇਤ ਸਿਹਤ ਵਿਭਾਗ ਦੇ ਸਮੁੱਚੇ ਮੁਲਾਜ਼ਮ ਪਿਛਲੇ ਇੱਕ ਮਹੀਨੇ ਤੋਂ ਜਿਆਦਾ ਸਮੇਂ ਤੋਂ ਪੇਅ ਕਮਿਸ਼ਨ ਦੀ ਰਿਪੋਰਟ ਨੂੰ ਲੈ ਕੇ ਨਾਰਾਜ਼ ਹਨ ਤੇ ਲਗਾਤਾਰ ਸੰਘਰਸ਼ ਕਰ ਰਹੇ ਹਨ। ਅੱਜ ਦੀ ਮੋਗਾ ਫੇਰੀ ਦੌਰਾਨ ਮੁਲਾਜ਼ਮਾਂ ਨੇ ਸਿਹਤ ਮੰਤਰੀ ਨੂੰ ਕਾਲੀਆਂ ਝੰਡੀਆਂ ਵਿਖਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਜਿਸ ਦੀ ਜਿਲ੍ਹਾ ਪ੍ਰਸ਼ਾਸ਼ਨ ਨੂੰ ਭਿਣਕ ਲੱਗਦੇ ਹੀ ਉਹਨਾਂ ਸਿਹਤ ਮੰਤਰੀ ਨਾਲ ਮੀਟਿੰਗ ਫਿਕਸ ਕਰਵਾ ਦਿੱਤੀ। ਇਸ ਮੌਕੇ ਜਿਲ੍ਹਾ ਕਨਵੀਨਰ ਕੁਲਬੀਰ ਸਿੰਘ ਢਿੱਲੋਂ ਨੇ ਸਿਹਤ ਮੰਤਰੀ ਨੂੰ ਦੱਸਿਆ ਕਿ ਪੇਅ ਕਮਿਸ਼ਨ ਵੱਲੋਂ ਤਜਵੀਜ਼ ਕੀਤਾ ਗਿਆ 2.25 ਦਾ ਫਾਰਮੂਲਾ ਅਸੀਂ ਮੁੱਢੋਂ ਰੱਦ ਕਰ ਚੁੱਕੇ ਹਾਂ, ਇਸ ਲਈ ਸਾਡੇ ਤੇ ਘੱਟੋ ਘੱਟ 2.59 ਦਾ ਫਾਰਮੂਲਾ ਲਾਗੂ ਕੀਤਾ ਜਾਵੇ। ਐਨ.ਐਚ.ਐਮ., ਕੱਚੇ, ਆਊਟਸੋਰਸ ਮੁਲਾਜ਼ਮਾਂ ਨੂੰ ਤੁਰੰਤ ਪੱਕੇ ਕਰਨ, ਸਿਹਤ ਵਿਭਾਗ ਦੀਆਂ ਲੈਬਾਰਟਰੀਆਂ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੇ ਫੈਸਲੇ ਨੂੰ ਵਾਪਿਸ ਲੈਣ, ਸਿਹਤ ਵਿਭਾਗ ਵਿੱਚ ਡੈਪੂਟੇਸ਼ਨ ਤੇ ਕੰਮ ਕਰ ਰਹੇ 150 ਦੇ ਕਰੀਬ ਬੰਦ ਪਈਆਂ ਤਨਖਾਹਾਂ ਰਿਲੀਜ਼ ਕਰਨ, ਮਲਟੀਪਰਪਜ਼ ਹੈਲਥ ਕੇਡਰ, ਸਟਾਫ ਨਰਸ ਅਤੇ ਐਮ.ਐਲ.ਟੀ. ਦੇ ਅਹੁਦਿਆਂ ਦਾ ਨਾਮ ਬਦਲਣ, ਰਿਟਾਇਰ ਹੋਏ ਮੁਲਾਜ਼ਮਾਂ ਦੇ ਪੈਂਡਿੰਗ ਪਏ ਬਕਾਏ ਤੁਰੰਤ ਜਾਰੀ ਕਰਨ ਅਤੇ ਸੁਖਵਿੰਦਰ ਕੌਰ ਮਲਟੀਪਰਪਜ਼ ਹੈਲਥ ਵਰਕਰ ਦੀ ਕੋਟ ਭਾਈ ਮੁਕਤਸਰ ਤੋਂ ਪਠਾਨਕੋਟ ਸਿਆਸੀ ਆਧਾਰ ਤੇ ਕੀਤੀ ਗਈ ਬਦਲੀ ਤੁਰੰਤ ਰੱਦ ਕਰਨ ਦੀ ਮੰਗ ਕੀਤੀ, ਜਿਸ ਬਾਰੇ ਸਿਹਤ ਮੰਤਰੀ ਨੇ ਵਫਦ ਨੂੰ ਇਹ ਭਰੋਸਾ ਦਿੱਤਾ ਕਿ ਇਹਨਾਂ ਵਿੱਚੋਂ ਮੰਗਾ ਪਲਿਾਂ ਹੀ ਸਾਡੇ ਵਿਚਾਰ ਅਧੀਨ ਹਲ ਤੇ ਜਲਦ ਹੀ ਇਹਨਾਂ ਸਭ ਮੰਗਾ ਦਾ ਹੱਲ ਕਰ ਦਿੱਤਾ ਜਵੇਗਾ। ਇਸ ਮੀਟਿੰਗ ਉਪਰੰਤ ਤਾਲਮੇਲ ਕਮੇਟੀ ਪੈਰਾਮੈਡੀਕਲ ਦੀ 29 ਜੁਲਾਈ ਦੇ ਪਟਿਆਲਾ ਧਰਨੇ ਸਬੰਧੀ ਮੀਟਿੰਗ ਹੋਈ, ਜਿਸ ਵਿੱਚ ਮੋਗਾ ਜਿਲ੍ਹੇ ਤੋਂ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਲਈ ਵਿਚਾਰ ਚਰਚਾ ਕੀਤੀ ਗਈ ਅਤੇ ਅਹੁਦੇਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਉਹਨਾਂ ਦੱਸਿਆ ਕਿ 29 ਜੁਲਾਈ ਨੂੰ ਸਵੇਰੇ ਸੱਤ ਵਜੇ ਕੌੜਾ ਹਸਪਤਾਲ ਮੋਗਾ ਕੋਲੋਂ ਦੋ ਵੱਡੀਆਂ ਬੱਸਾਂ ਪਟਿਆਲਾ ਲਈ ਰਵਾਨਾ ਹੋਣਗੀਆਂ। ਉਹਨਾਂ ਸਭ ਸਿਹਤ ਮੁਲਾਜ਼ਮਾਂ ਨੂੰ ਪਟਿਆਲਾ ਵੱਲ ਵਹੀਰਾਂ ਘੱਤਣ ਲਈ 29 ਜੁਲਾਈ ਨੂੰ ਸਵੇਰੇ 7 ਵਜੇ ਕੌੜਾ ਹਸਪਤਾਲ ਮੋਗਾ ਕੋਲ ਪਹੁੰਚਣ ਦੀ ਅਪੀਲ ਕੀਤੀ। ਇਸ ਮੋਕੇ ਜੱਥੇਬੰਦੀ ਦੇ ਸੀਨੀਅਰ ਆਗੂ ਗੁਰਜੰਟ ਸਿੰਘ ਮਾਹਲਾ, ਮਹਿੰਦਰ ਪਾਲ ਲੂੰਬਾ, ਜਗਪਾਲ ਕੌਰ, ਗੁਰਬਚਨ ਸਿੰਘ ਕੰਗ, ਰਘੁਵੀਰ ਸਿੰਘ ਰਾਏ, ਪਰਮਿੰਦਰ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਕੌਰ, ਰਾਣੀ ਸਿੱਧੂ, ਸ਼ਰਨਜੀਤ ਕੌਰ, ਰਜਨੀ ਰਾਣੀ, ਅਨਮੋਲ ਸਿੰਘ ਭੱਟੀ, ਰਮਨਜੀਤ ਸਿੰਘ ਭੁੱਲਰ, ਰਣਜੀਤ ਸਿੰਘ, ਬਲਵਿੰਦਰ ਸ਼ਰਮਾ, ਅਮਰਪ੍ਰੀਤ ਸਿੰਘ, ਕੁਲਵੰਤ ਸਿੰਘ ਅਤੇ ਗਗਨਪ੍ਰੀਤ ਸਿੰਘ ਆਦਿ ਹਾਜਰ ਸਨ।

- ਪੇਅ ਕਮਿਸ਼ਨ ਅਤੇ ਵਿਭਾਗ ਨਾਲ ਸਬੰਧਿਤ ਮੰਗਾਂ ਦਾ ਹੱਲ ਕਰਨ ਦੀ ਕੀਤੀ ਮੰਗ
- 29 ਜੁਲਾਈ ਦੇ ਪਟਿਆਲਾ ਧਰਨੇ ਦੀਆਂ ਤਿਆਰੀਆਂ ਮੁਕੰਮਲ ਢਿੱਲੋਂ

# ਪੰਜਾਬ ਕੈਬਨਿਟ ਮੰਤਰੀ ਓਮ ਪ੍ਰਕਾਸ਼ ਸੋਨੀ ਜੀ ਨੇ ਸਾਰੇ ਵਾਅਦੇ ਪੂਰੇ ਕੀਤੇ : ਪਰਗਟ ਸਿੰਘ ਕੀਰਤਨਗੜ੍ਹ

**ਅੰਮ੍ਰਿਤਸਰ/ਪਰਗਟ ਸਿੰਘ ਭੰਗੂ**



ਹਰ ਵਰਗ ਨੂੰ ਉੱਚਾ ਚੁੱਕਣ ਲਈ ਕਾਂਗਰਸ ਸਰਕਾਰ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ ਹੈ ਉਹ ਚਾਹੇ ਕਿਸੇ ਵੀ ਵਰਗ ਦਾ ਕੰਮ ਹੋਵੇ ਉਸ ਨੂੰ ਪੂਰਾ ਕੀਤਾ ਗਿਆ ਹੈ ਅੱਜ ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਪਰਗਟ ਸਿੰਘ ਕੀਰਤਨਗੜ੍ਹ ਨੇ ਦੱਸਿਆ ਕੀ ਕਾਂਗਰਸ ਸਰਕਾਰ ਵੇਲੇ ਜਾਤ ਪਾਤ ਤੋਂ ਰਹਿਤ ਹੋ ਕੇ ਹਰ ਵਰਗ ਦੇ ਕੰਮ ਕੀਤੇ ਜਾਂਦੇ ਹਨ ਅਤੇ ਵਿਕਾਸ ਦੀਆਂ ਉਚੀਆਂ ਮੰਜਲਾਂ ਤਕ ਪਹੁੰਚਾਉਣ ਲਈ ਕਾਂਗਰਸ ਸਰਕਾਰ ਦਾ ਅਹਿਮ ਯੋਗਦਾਨ ਰਿਹਾ ਹੈ ਅਤੇ ਰਹੇਗਾ ਉਥੇ ਹੀ ਮੰਤਰੀ ਸੋਨੀ ਨੇ ਬਿਨਾਂ ਭੇਦਭਾਵ ਅਤੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇਲਾਕੇ ਨੂੰ ਹਰ ਤਰਾਂ ਨਾਲ ਖੂਬਸੂਰਤ ਬਣਾਇਆ ਹੈ ਅੱਜ ਕੀਰਤਨਗੜ੍ਹ,ਫਤਾਹਪੁਰ, ਬਾਬਾ ਜੀਵਨ ਸਿੰਘ ਕਲੋਨੀ, ਭਰਾੜੀਵਾਲ , ਫਤਿਹ ਸਿੰਘ ਨਗਰ, ਸਾਰੇ ਇਲਾਕਿਆਂ ਵਿਚ ਪਾਰਕਾਂ, ਖੇਡ ਮੈਦਾਨ, ਸਟੇਡੀਅਮ, ਨਾਲੇ ਨਾਲੀਆਂ, ਪੀਣ ਵਾਲਾ ਸਾਫ ਪਾਣੀ ,ਸੀਵਰੇਜ, ਚੌੜੀਆਂ ਸੜਕਾਂ , ਸਮਸਾਨ ਘਾਟ, ਪੈਨਸਨਾਂ, ਸਮਾਟ ਸਕੂਲ, ਇੰਟਰਲੋਕ ਗਲੀਆਂ, ਆਪ ਸਾਰੇ ਕੰਮ ਕਰਵਾ ਕੇ ਇਕ ਰਿਕਾਰਡ ਬਣਾਇਆ ਹੈ ਅਤੇ ਜਿਥੇ ਸੋਨੀ ਜੀ ਦਿਨ ਰਾਤ ਮਿਹਨਤ ਕਰਕੇ ਇਲਾਕੇ ਦੀ ਸੇਵਾ ਕਰ ਰਹੇ ਹਨ ਉਥੇ ਯੁਵਾ ਨੇਤਾ ਵਿਕਾਸ ਸੋਨੀ ਵੀ ਹਰ ਵੇਲੇ ਜਨਤਾ ਦੀ ਹਰ ਮੁਸਕਲ ਨੂੰ ਦੂਰ ਕਰ ਰਹੇ ਹਨ ਇਹਨਾ ਕਾਰਜਾਂ ਕਰਕੇ ਹੀ ਸਾਰੇ ਇਲਾਕੇ ਦੀ ਜਨਤਾ ਮੰਤਰੀ ਸੋਨੀ ਅਤੇ ਵਿਕਾਸ ਸੋਨੀ ਦੇ ਕੰਮਾਂ ਤੋਂ ਬੇਹੱਦ ਖੁਸ ਹਨ ਇਸ ਮੌਕੇ ਤੇ ਹਿਊਮਨ ਰਾਇਟਸ ਮੀਤ ਪ੍ਰਧਾਨ ਪਰਗਟ ਸਿੰਘ ਕੀਰਤਨਗੜ੍ਹ ,ਲਖਵਿੰਦਰ ਸਿੰਘ ਕੌਂਸਲਰ ਫਤਾਹਪੁਰ, ਵੀਰ ਸਿੰਘ ਸਰਪੰਚ, ਲਖਵਿੰਦਰ ਸਿੰਘ ਫੌਜੀ, ਗੁਰਦੀਪ ਸਿੰਘ, ਲਾਭ ਸਿੰਘ, ਤੇਜਿੰਦਰ ਸਿੰਘ ,ਗੁਰਮੀਤ ਸਿੰਘ ,ਜਸਪਾਲ ਸਮਰਾ ,ਆਦਿ ਸਾਮਲ ਸਨ।

# ਬਲਜੀਤ ਸਿੰਘ ਤੇ ਉਸਦੇ ਪਰਿਵਾਰ ਨੂੰ ਟ੍ਰੈਵਲ ਏਜੰਟ ਵੱਲੋਂ ਦਿੱਤੀਆਂ ਜਾ ਰਹੀਆਂ ਨੇ ਜਾਨੋਂ ਮਾਰਨ ਦੀਆਂ ਧਮਕੀਆਂ

**ਅੰਮ੍ਰਿਤਸਰ/ਪਰਗਟ ਸਿੰਘ ਭੰਗੂ**



ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬਲਜੀਤ ਸਿੰਘ ਵਾਸੀ ਛੇਹਰਟਾ ਨੇ ਦੱਸਿਆ ਕਿ ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਵਿਦੇਸ਼ ਜਾਣ ਦੇ ਲਈ ਟਰੈਵਲ ਏਜੰਟ ਪੰਕਜ ਖੋਖਰ ਪਰਸ਼ੋਤਮ ਖੋਖਰ ਵਾਸੀ ਬਾਬਾ ਵੱਡਾ ਐਵੀਨਿਊ ਅੰਮ੍ਰਿਤਸਰ ਨੂੰ ਪੈਸੇ ਦਿੱਤੇ ਸੀ ਜਿਸ ਦਾ ਕੇਸ ਮਾਣਯੋਗ ਜ਼ਿਲ੍ਹਾ ਸੈਸ਼ਨ ਕੋਰਟ ਅੰਮ੍ਰਿਤਸਰ ਵਿਚ ਚੱਲ ਰਿਹਾ ਹੈ ਤੇ ਪੰਕਜ ਖੋਖਰ ਨੇ ਪੰਜਾਬ ਵਿੱਚ ਕਾਫ਼ੀ ਲੋਕਾਂ ਨਾਲ ਠੱਗੀ ਮਾਰੀ ਹੈ ਜਿਸ ਦੇ ਚਲਦੇ ਉਸ ਤੇ ਪੰਜਾਬ ਦੇ ਵੱਖ ਵੱਖ ਥਾਣਿਆਂ ਚ ਮੁਕੱਦਮੇ ਦਰਜ ਨੇ ਤੇ ਪੁਲਸ ਵਲੋਂ ਰੈਸਟ ਕਰਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ ਬਲਜੀਤ ਸਿੰਘ ਨੇ ਦੱਸਿਆ ਕਿ ਹੁਣ ਉਸ ਦੇ ਪਰਿਵਾਰ ਦੇ ਹੀ ਕੁਝ ਮੈਂਬਰ ਜੋ ਉਸ ਦੇ ਪਰਿਵਾਰ ਨੂੰ ਫੋਨ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਨੇ ਕਿ ਜੇਕਰ ਤੁਸੀਂ ਕੋਰਟ ਵਿੱਚੋਂ ਕੇਸ ਵਾਪਸ ਨਾ ਲਿਆ ਅਤੇ ਤੁਹਾਨੂੰ ਜਾਨੋਂ ਮਾਰ ਦਿਆਂਗੇ ਇਹ ਫੋਨ ਪੰਕਜ ਖੋਖਰ ਦੀ ਭੈਣ ਤੇ ਉਸ ਦਾ ਜੀਜਾ ਸੁਰਜੀਤ ਸਿੰਘ ਬਾਵਾ ਅਤੇ ਅਨੂ ਬਾਵਾ ਟਰੈਵਲ ਏਜੰਟ ਵੱਲੋਂ ਬਲਜੀਤ ਸਿੰਘ ਦੇ ਪਰਿਵਾਰ ਨੂੰ ਕੀਤੇ ਜਾ ਰਹੇ ਤੇ ਬਲਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਮਾਣਯੋਗ ਪੁਲਸ ਕਮਿਸ਼ਨਰ ਅੰਮ੍ਰਿਤਸਰ ਨੂੰ ਇਸ ਦੀ ਕੰਪਲੇਂਟ ਕਰ ਦਿੱਤੀ ਹੈ ਬਲਜੀਤ ਸਿੰਘ ਨੇ ਦੱਸਿਆ ਕਿ ਮੈਨੂੰ ਪੰਜਾਬ ਪੁਲੀਸ ਤੇ ਪੂਰਾ ਭਰੋਸਾ ਹੈ ਕਿ ਮੈਨੂੰ ਇਨਸਾਫ ਮਿਲੇਗਾ ਆਖਰ ਵਿੱਚ ਬਲਜੀਤ ਸਿੰਘ ਨੇ ਦੱਸਿਆ ਕਿ ਮੈਨੂੰ ਔਰ ਮੇਰੇ ਪਰਿਵਾਰ ਨੂੰ ਜੇਕਰ ਕੋਈ ਗੱਲਬਾਤ ਹੋ ਜਾਂਦੀ ਹੈ ਤਾਂ ਇਸ ਦਾ ਜੰਮਿੇਵਾਰ ਪੰਕਜ ਖੋਖਰ ਉਸ ਦੀ ਪਤਨੀ ਸਿਮਰਨ ਖੋਖਰ ਅੰਕੁਸ਼ ਖੋਖਰ ਸੁਰਜੀਤ ਸਿੰਘ ਬਾਵਾ ਅਨੂੰ ਬਾਵਾ ਇਹ ਸਭ ਟਰੈਵਲ ਏਜੰਟ ਜਾਨੀ ਮਾਲੀ ਨੁਕਸਾਨ ਦੇ ਜੰਮਿੇਵਾਰ ਹੋਣਗੇ।

# ਸਾਉਣ ਮਹੀਨੇ ਦੇ ਨਾਮ ਰਹੀ ਪੰਜਾਬੀ ਸਾਹਿਤ ਸਭਾ ਦੀ ਮਾਸਿਕ ਬੈਠਕ




**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਪੰਜਾਬੀ ਸਾਹਿਤ ਸਭਾ ਗੁਰਦਾਸਪੁਰ ਦੀ ਮਾਸਿਕ ਬੈਠਕ ਸਭਾ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਦੀ ਪ੍ਰਧਾਨਗੀ ਹੇਠ ਸਭਾ ਦੇ ਮੈਂਬਰ ਗੁਰਦੇਵ ਸਿੰਘ ਭੁੱਲਰ ਦੇ ਗ੍ਰਹਿ ਵਿੱਚ ਹੋਈ। ਰਚਨਾਵਾਂ ਦੇ ਦੌਰ ਵਿੱਚ ਬਹੁਤੀਆਂ ਰਚਨਾਵਾਂ ਸਾਵਣ ਮਹੀਨੇ ਦੇ ਨਾਮ ਰਹੀਆਂ। ਆਗਾਜ ਪ੍ਰੀਤ ਰਾਣਾ ਨੇ ਇਕ ਗੀਤ "ਆਇਆ ਸਾਉਣ ਮਹੀਨਾ ਨੀ ਸਈਓ" ਨਾਲ ਕੀਤਾ। ਹਰਪਾਲ ਬੈਂਸ ਨੇ ਗਜਲ "ਗਰਜਾਂ ਦੇ ਨੇ ਮਾਰੇ ਲੋਕੀਂ" ਬਲਦੇਵ ਸਿੰਘ ਸਿੱਧੂ ਨੇ ਗੀਤ "ਘਰ- ਘਰ ਖੀਰਾਂ ਪੂੜੇ ਪੱਕਦੇ ਨੇ" ਸੁਣਾਈ ਜਦਕਿ ਰਜਨੀਸ ਵਿਸਸਿਟ ਨੇ ਲੇਖ "ਅਦ੍ਰਿਸ ਦੁਸਮਣ" ਪੜ੍ਹਿਆ। ਕਾਮਰੇਡ ਅਵਤਾਰ ਸਿੰਘ ਨੇ ਮਿੰਨੀ ਕਹਾਣੀ "ਮੋਹ ਦੀਆਂ ਤੰਦਾਂ" ਸੁਣਾਈ। ਅਸਵਨੀ ਸਰਮਾ ਨੇ "ਨਾਗਰਿਕਾਂ ਦੀ ਜਸੂਸੀ" ਵਿਸੇ ਤੇ ਵਿਚਾਰ ਚਰਚਾ ਛੇੜੀ। ਕਾਮਰੇਡ ਮੁਲਖ ਰਾਜ ਗੀਤ ਪੇਸ ਕੀਤਾ "ਜਾਗੋ ਬਈ ਜਾਗੋ ਮੇਰੇ ਦੇਸ ਦਿਓ ਵਾਰਸੋ।" ਤਰਸੇਮ ਸਿੰਘ ਭੰਗੂ ਨੇ ਮਿੰਨੀ ਕਹਾਣੀ "ਬੇਟੀ ਬਚਾਓ ਬੇਟੀ ਪੜ੍ਹਾਓ" ਸੁਣਾਈ ਅਤੇ ਪ੍ਰਤਾਪ ਪਾਰਸ ਦੀ ਗਜਲ "ਲਹਿਰਾਂ ਸੰਗ ਦਰਿਆ ਜੇ ਖਾਰਾਂ ਰੱਖਣਗੇ" ਨੇ ਵੱਖਰਾ ਰੰਗ ਬੰਨ੍ਹਿਆ। ਸੀਤਲ ਸਿੰਘ ਗੁੰਨੋਪੁਰੀ ਦੀ ਗਜਲ ਦੇ ਬੋਲ ਸਨ "ਕਿਸੇ ਬਰਸਾਤ ਰੁੱਤ ਦੀ ਸਾਇਦ ਉਹ ਪਹਿਲੀ ਝੜੀ ਸੀ।" ਗੁਰਦੇਵ ਸਿੰਘ ਭੁੱਲਰ ਨੇ ਗੀਤਾਂ ਦੀ ਛਹਿਬਰ ਲਾਈ। ਸੁਭਾਸ ਦੀਵਾਨਾ ਨੇ ਵੀ "ਮਸਤ ਮੌਲਾ ਝੂਮ ਕੇ ਆਇਆ ਮਹੀਨਾ ਸਾਉਣ" ਦਾ ਸੁਣਾ ਕੇ ਸਾਵਣ ਦਾ ਜਕਿਰ ਕੀਤਾ। ਅੰਤ ਵਿੱਚ ਸਭਾ ਦੇ ਪ੍ਰਧਾਨ ਪ੍ਰੋਫੈਸਰ ਯੋਗੀ ਨੇ ਸਾਵਣ ਮਹੀਨੇ ਦਾ ਗੁਰਬਾਣੀ ਵਿੱਚ ਜਕਿਰ ਅਤੇ ਮਹੱਤਤਾ ਉੱਤੇ ਵਿਸਥਾਰਤ ਚਰਚਾ ਕਰਦਿਆਂ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

# ਸਰਬੱਤ ਦਾ ਭਲਾ ਟਰੱਸਟ ਨੇ ਜਲ੍ਹਿਾ ਫਰਿਜਪੁਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮ੍ਰਿਤਕ ਦੇਹ ਫਰੀਜ਼ਰ ਦਿੱਤੇ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਵਿਸ਼ਵ ਪ੍ਰਸਿੱਧ ਸਮਾਜ ਸੇਵੀ ਡਾ ਐਸ ਪੀ ਸਿੰਘ ਓਬਰਾਏ ਵਲੋਂ ਪਿਛਲੇ ਲੰਬੇ ਸਮੇਂ ਤੋਂ ਬਗੈਰ ਕਿਸੇ ਤੋਂ ਵਿੱਤੀ ਸਹਾਇਤਾ ਲਏ ਹਰ ਮਹੀਨੇ ਆਪਣੀ ਜੇਬ ਵਿੱਚੋਂ ਕਰੋੜਾਂ ਰੁਪਏ ਖਰਚ ਕੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਓਹਨਾਂ ਦੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਜ਼ੀਰਾ ਅਤੇ ਮੱਲਾਂ ਵਾਲਾ ਵਿੱਚ ਕਰਵਾਏ ਗਏ ਦੋ ਵੱਖ ਵੱਖ ਸਮਾਗਮਾਂ ਵਿੱਚ ਇੱਕ ਇੱਕ ਮ੍ਰਿਤਕ ਦੇਹ ਫਰੀਜ਼ਰ ਉਥੋਂ ਦੇ ਵਸਨੀਕਾਂ ਨੂੰ ਭੇਟ ਕੀਤੇ ਗਏ।ਇਸ ਮੌਕੇ ਕਈ ਲੋੜਵੰਦਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੀ ਦਿੱਤੇ ਗਏ।ਇਸ ਮੌਕੇ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ,ਇਸਤਰੀ ਵਿੰਗ ਪ੍ਰਧਾਨ ਅਮਰਜੀਤ ਕੌਰ ਛਾਬੜਾ ਅਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੰਸਥਾ ਵਲੋਂ ਮੱਖੂ ਅਤੇ ਫਿਰੋਜ਼ਪੁਰ ਵਿੱਚ ਜਲਦੀ ਹੀ ਦੋ ਆਧੁਨਿਕ ਸਾਜੋ ਸਮਾਨ ਨਾਲ ਲੈਸ ਲੈਬੋਰਟੀਆਂ ਖੋਲੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਲੈਬੋਰਟੀਆਂ ਤੇ ਬਹੁਤ ਘੱਟ ਕੀਮਤ ਤੇ ਬਿਮਾਰੀਆਂ ਦੇ ਟੈਸਟ ਕੀਤੇ ਜਾਣਗੇ। ਇਸ ਮੌਕੇ ਤੇ ਉਹਨਾਂ ਜਿਲ੍ਹੇ ਨੂੰ ਚਾਰ ਡੈੱਡ ਬੋਡੀ ਫਰੀਜ਼ਰ ਅਤੇ ਇੱਕ ਐਮਬੂਲੈਂਸ ਦੇਣ ਲਈ ਡਾ ਓਬਰਾਏ ਅਤੇ ਸੰਸਥਾ ਦੇ ਕੌਮੀ ਪ੍ਰਧਾਨ ਸ ਜੱਸਾ ਸਿੰਘ ਸੰਧੂ ਦਾ ਧੰਨਵਾਦ ਕੀਤਾ। ਇਸ ਸਮੇਂ ਤੇ ਜ਼ੀਰਾ ਇਕਾਈ ਦੇ ਪ੍ਰਧਾਨ ਰਣਜੀਤ ਸਿੰਘ ਰਾਏ,ਇਸਤਰੀ ਵਿੰਗ ਜ਼ੀਰਾ ਦੇ ਪ੍ਰਧਾਨ ਬਲਵਿੰਦਰ ਕੌਰ ਲੋਹਕੇ,ਜਗਸੀਰ ਸਿੰਘ ਜ਼ੀਰਾ,ਸਤਵੰਤ ਸਿੰਘ ਸੀ ਡੀ ਪੀ ਓ, ਵਿਜੇ ਕੁਮਾਰ ਬਹਿਲ ਪ੍ਰਧਾਨ ਮੱਲਾਂ ਵਾਲਾ,ਸੁਸ਼ੀਲ ਕੁਮਾਰ ਸੇਠੀ ਚੈਅਰਮੈਨ ਮਾਰਕੀਟ ਕਮੇਟੀ ਮੱਲਾਂ ਵਾਲਾ,ਬੱਬਲ ਸ਼ਰਮਾ ਪ੍ਰਧਾਨ ਨਗਰ ਪੰਚਾਇਤ ਮੱਲਾਂ ਵਾਲਾ,ਆਸ਼ਾ ਸ਼ਰਮਾ, ਰਵੀ ਕੁਮਾਰ, ਮਨਜੀਤ ਸਿੰਘ ਜੇ ਈ ,ਪ੍ਰਦੀਪ ਕੁਮਾਰ ਬਹਿਲ ,ਦਵਿੰਦਰ ਸਿੰਘ ਛਾਬੜਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।



# ਗੋਲਡਨ ਹੱਟ ਦੇ ਮਾਲਕ ਰਾਮ ਸਿੰਘ ਰਾਣਾ ਪਰਿਵਾਰ ਸਮੇਤ ਸੱਚਖੰਡ ਨਤਮਸਤਕ

**ਝਬਾਲ/ਭਿੱਖੀਵਿੰਡ/ਲਖਵਿੰਦਰ ਸਿੰਘ ਗੌਲ੍ਹਣ/ਰਿੰਪਲ ਗੌਲ੍ਹਣ**

ਸਿੰਘੂ ਬਾਰਡਰ 'ਤੇ ਗੋਲਡਨ ਹੱਟ ਦੇ ਨਾਮ ਨਾਲ ਜਾਣੇ ਜਾਂਦੇ ਰਾਮ ਸਿੰਘ ਰਾਣਾ ਜਿਨ੍ਹਾਂ ਧਰਨਾ ਦੇ ਰਹੇ ਕਿਸਾਨ ਭਰਾਵਾਂ ਲਈ ਆਪਣੇ ਹੋਟਲ 'ਚ ਰਿਹਾਇਸ਼ ਤੇ ਫ੍ਰੀ ਲੰਗਰ ਲਗਾਇਆ ਹੈ । ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ।ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦਰਸ਼ਨਾਂ ਉਪਰੰਤ ਪਰਿਕਰਮਾ ਕੀਤੀ ਤੇ ਲੰਗਰ ਛਕਿਆ। ਸੂਚਨਾ ਕੇਂਦਰ ਵਿਖੇ ਰਾਮ ਸਿੰਘ ਰਾਣਾ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸ਼ਹਿਰੀ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ, ਮੈਨੇਜਰ ਗੁਰਵਿੰਦਰ ਸਿੰਘ ਤੇ ਸੂਚਨਾ ਅਧਿਕਾਰੀ ਰਣਧੀਰ ਸਿੰਘ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਸ੍ਰੀ ਸਾਹਿਬ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਣਾ ਨੇ ਕਿਹਾ ਕਿ ਉਹ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ 'ਤੇ ਇਹ ਅਰਦਾਸ ਕਰਨ ਲਈ ਆਏ ਨੇ ਕਿ ਸੱਚੇ ਪਾਤਸ਼ਾਹ ਆਪਣੀ ਸੇਵਾ ਤੂੰ ਆਪ ਲੈਂਦਾ ਰਹੀਂ ਤੇ ਇਹ ਕਿਸਾਨ ਸੰਘਰਸ਼ ਖਤਮ ਹੋਣ ਤੱਕ ਨਿਰਵਿਘਨ ਕਰਵਾਈ। ਕੁਝ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਗੋਲਡਨ ਹੱਟ ਤੇ ਸਰਕਾਰ ਵੱਲੋਂ ਇਹ ਸੰਦੇਸ਼ ਆ ਰਹੇ ਨੇ ਕਿ ਰਾਣਾ ਜੀ ਹੁਣ ਸੇਵਾ ਬੰਦ ਕਰੋ ਨਹੀਂ ਤਾਂ ਦੂਸਰਾ ਹੋਟਲ ਵੀ ਬੰਦ ਹੋ ਸਕਦਾ ਹੈ। ਮੈਂ ਕਿਹਾ ਕਿ ਇੱਕ ਤਾਂ ਮੈਂ ਖੁਦ ਕਰ ਦਿੱਤਾ ਕਿਉਂਕਿ ਉਹ ਕਿਸਾਨਾਂ ਦੀ ਸੇਵਾ ਲਈ ਲਗਾਇਆ ਹੈ ਤੇ ਦੂਸਰਾ ਤੁਸੀਂ ਕਰ ਦਿਓ। ਉਨ੍ਹਾਂ ਕਿਹਾ ਕਿ ਅੱਠ ਮਹੀਨੇ ਤਾਂ ਕੀ ਜੇਕਰ ਅੱਠ ਸਾਲ ਵੀ ਸੇਵਾ ਕਰਨੀ ਪਈ ਤਾਂ ਬਿਨਾਂ ਕਿਸੇ ਡਰ ਦੇ ਕਰਾਂਗੇ। ਇਕ ਹੋਰ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਮੇਰਾ ਇਲੈਕਸ਼ਨ ਲੜਨ ਦਾ ਕੋਈ ਇਰਾਦਾ ਨਹੀਂ।ਮੈਂ ਤਾਂ ਮਾਨਵਤਾ ਦਾ ਸੇਵਾਦਾਰ ਹਾਂ, ਮੈਨੂੰ ਤਾਂ ਸਟੇਜ ਤੇ ਵੀ ਬੋਲਣਾ ਨਹੀਂ ਆਉਂਦਾ। ਉਨ੍ਹਾਂ ਉਹ ਸਭ ਵਿਅਕਤੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਇਸ ਕਾਰਜ ਵਿੱਚ ਤਿਲ ਫੁਲ ਵੀ ਸੇਵਾ ਪਾਈ। ਉਨ੍ਹਾਂ ਕਿਹਾ ਕਿ ਮੈਂ ਨਾਂ ਤਾਂ ਕਿਸਾਨਾਂ ਦੀ ਗੱਲ ਕਰ ਰਿਹਾ ਹਾਂ ਤੇ ਨਾ ਹੀ ਸਰਕਾਰ ਦੀ, ਮੈਂ ਤਾਂ ਸਿਰਫ਼ ਇਨਸਾਨੀਅਤ ਦੀ ਸੇਵਾ ਕਰ ਰਿਹਾ ਹਾਂ ਤੇ ਇਨਸਾਨੀਅਤ ਦੀ ਸੇਵਾ ਕਰਦਿਆਂ ਕੋਈ ਡਰ ਨਹੀਂ। ਉਨ੍ਹਾਂ ਕਿਹਾ ਕਿ ਜੰਗਾਂ ਹਮੇਸ਼ਾਂ ਹਥਿਆਰਾਂ ਨਾਲ ਨਹੀਂ ਲੜੀਆਂ ਜਾਂਦੀਆਂ ਹੌਂਸਲੇ ਨਾਲ ਲੜੀਆਂ ਜਾਂਦੀਆਂ ਨੇ। ਕਿਸਾਨ ਮੋਰਚਾ ਖਤਮ ਹੋਣ ਤੇ ਅਸਲ ਜ਼ਿੰਦਗੀ ਸ਼ੁਰੂ ਹੋਵੇਗੀ ਫਰਿ ਸੋਚਾਂਗੇ ਕਿ ਕੀ ਵੱਟਿਆ ਤੇ ਕੀ ਖੱਟਿਆ।

***ਕੀ ਕਹਿਣਾ ਸੀ ਰਾਣਾ ਦੇ ਪਿਤਾ ਦਾ :***

ਰਾਣਾ ਦੀ ਬਜ਼ੁਰਗ ਮਾਤਾ ਨੇ ਕਿਹਾ ਮੈਨੂੰ ਆਪਣੇ ਪੱਤਰ 'ਤੇ ਮਾਣ ਹੈ । ਕਿ ਉਹ ਸਮੁੱਚੀ ਮਨੁੱਖਤਾ ਦੀ ਸੇਵਾ ਕਰ ਰਿਹਾ ਹੈ। ਪ੍ਰਮਾਤਮਾ ਹਰ ਮਾਂ ਨੂੰ ਐਸਾ ਪੁੱਤਰ ਹੀ ਦੇਵੇ।

***ਪ੍ਰਮਾਤਮਾਂ ਦੀ ਬਖਸ਼ਿਸ਼ਾਂ ਸਦਕਾ ਹੀ ਵੱਡੇ-ਵੱਡੇ ਕਾਰਜ ਹੁੰਦੇ ਨੇ: ਗੁਰਪ੍ਰਤਾਪ ਸਿੰਘ ਟਿੱਕਾ***

ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸ਼ਹਿਰੀ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ ਨੇ ਕਿਹਾ ਕਿ ਪ੍ਰਮਾਤਮਾ ਦੀ ਬਖਸ਼ਿਸ਼ ਸਦਕਾ ਹੀ ਕੋਈ ਇਨਸਾਨ ਵੱਡੇ-ਵੱਡੇ ਕਾਰਜ ਕਰ ਸਕਦਾ ਹੈ। ਇਨ੍ਹਾਂ ਦੀ ਸੇਵਾ ਬਹੁਤ ਹੈ ਤੇ ਇਸੇ ਲਈ ਅਸੀਂ ਸ੍ਰੋਮਣੀ ਅਕਾਲੀ ਦਲ ਬਾਦਲ ਤੇ ਸ੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਬਖਸ਼ਿਸ਼ਾਂ ਸਿਰੋਪਾਓ ਦੇ ਕੇ ਤੋਰ ਰਹੇ ਹਾਂ ਤੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਰਾਣਾ ਜੀ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਤੰਦਰੁਸਤੀ ਤੇ ਚੜ੍ਹਦੀ ਕਲਾ ਬਖਸ਼ਣ ਤੇ ਸਾਡੇ ਕਿਸਾਨ ਭਰਾ ਕਾਮਯਾਬ ਹੋ ਕੇ ਵਾਪਸ ਆਪਣੇ ਘਰਾਂ ਨੂੰ ਪਰਤਣ।

# 15 ਤੇ 20 ਸਾਲਾਂ ਤੋਂ ਕੰਮ ਕਰਦੇ ਕੱਚੇ ਮੁਲਾਜਮਾਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ ਮੁਕੇਸ਼ ਕੰਡਾ

**■ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਪੀ: ਯੂਨੀਅਨ ਦੀ ਹੰਗਾਮੀ ਮੀਟਿੰਗ ਵਿੱਚ ਛੇਵੇਂ ਪੇਅ ਕਮਿਸ਼ਨ ਸਹਿਤ ਕਈ ਮਸਲਿਆਂ ਤੇ ਵਿਸ਼ੇਸ਼ ਚਰਚਾ ਕੀਤੀ ਗਈ**



**ਪਟਿਆਲਾ/ਜਗਦੀਸ਼ ਰਾਇਕਾ**

ਜਲ ਸਪਲਾਈ ਅਤੇ ਸੈਨੀਟੇਸ਼ਨ ਮਸਟਰੋਲ ਇੰਪੀ: ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਸੂਬਾ ਜਨਰਲ ਸਕੱਤਰ, ਮੁਕੇਸ਼ ਕੰਡਾ ਦੀ ਅਗਵਾਈ ਹੇਠ ਨਾਭਾ ਰੋਡ, ਪਟਿਆਲਾ ਸਥਿਤ ਦਫਤਰ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁਕੇਸ਼ ਕੰਡਾ ਤੋਂ ਸਰਕਾਰ ਕੋਲੋ ਮੰਗ ਕੀਤੀ ਕਿ ਮਿਤੀ 01122011 ਨੂੰ ਸਬ ਕਮੇਟੀ ਵੱਲੋਂ ਕਮੀਆਂ ਦੂਰ ਕੀਤੀਆਂ ਗਈਆਂ ਸਨ ਪਰੰਤੂ ਫੀਲਡ ਮੁਲਾਜਮ ਦਰਜਾ3 ਅਤੇ ਦਰਜਾ4 ਦੀਆਂ ਸਗੋਂ ਹੋਰ ਜਿਆਦਾ ਕਮੀਆਂ ਆ ਗਈਆਂ, ਜਥੇਬੰਦੀ ਸਰਕਾਰ ਕੋਲੋ ਮੰਗ ਕਰਦੀ ਹੈ ਕਿ 2011 ਦੀ ਤਰੁੱਟੀਆਂ ਦੂਰ ਕਰਕੇ ਫੀਲਡ ਮੁਲਾਜਮਾਂ ਨੂੰ 6ਵੇਂ ਪੇ ਕਮਿਸ਼ਨ ਦਾ ਲਾਭ ਦਿੱਤਾ ਜਾਵੇ ਅਤੇ ਦਰਜਾ4 ਕਰਮਚਾਰੀਆਂ ਨੂੰ ਮੁੱਢਲੀ ਤਨਖਾਹ 18000 ਤੋਂ ਵਧਾ ਕੇ 26000 ਕੀਤੀ ਜਾਵੇ। 1520 ਸਾਲਾਂ ਤੋਂ ਵਿਭਾਗ ਵਿੱਚ ਕੰਮ ਕਰਦੇ ਕਰਮਚਾਰੀ (ਮਾਸਟਰੋਲ, ਡੇਲੀਵੇਜ, ਕੱਚੇ ਮੁਲਾਜਮਾਂ) ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ ਅਤੇ ਇਨ੍ਹਾਂ ਫੀਲਡ ਮੁਲਾਜਮਾਂ ਨੂੰ ਆਪਣੀ ਸਾਰੀ ਸਰਵਿਸ ਦੌਰਾਨ ਕੋਈ ਪ੍ਰਮੋਸ਼ਨ ਨਹੀਂ ਮਿਲਦੀ। ਇਸ ਲਈ ਸਰਵਿਸ ਰੂਲਾਂ ਵਿੱਚ ਸੋਧ ਕਰਕੇ ਘੱਟ ਤੋਂ ਘੱਟ ਤਿੰਨ ਤਰੱਕੀਆਂ ਦਿੱਤੀਆ ਜਾਣ। ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਆਖਿਆ ਕਿ ਜੇਕਰ ਜਥੇਬੰਦੀ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਜਥੇਬੰਦੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ ਅਤੇ ਇਸਦੇ ਜੋ ਸਿੱਟੇ ਨਿਕਲਣਗੇ ਇਸ ਦੀ ਖੁਦ ਸਰਕਾਰ ਜਿੰਮੇਵਾਰੀ ਹੋਵੇਗੀ। ਅੱਜ ਦੀ ਸੂਬਾ ਪੱਧਰੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪਟਿਆਲਾ ਜਿਲਾ ਪ੍ਰਧਾਨ ਰਾਜਪਾਲ ਸਿੰਘ ਲਸੋਈ, ਗੁਰਦੇਵ ਸਿੰਘ ਸਿਰਸਵਾਲ, ਪ੍ਰਧਾਨ ਦਰਸ਼ਨ ਸਿੰਘ ਬਹਾਦਰਗੜ੍ਹ, ਰੁਲਦਾ ਸਿੰਘ ਪ੍ਰਧਾਨ, ਸੁਰਿਦਰ ਸਿੰਘ ਪ੍ਰਧਾਨ ਰਾਜਪੁਰਾ, ਸੁਖਦੇਵ ਸਿੰਘ, ਵਿਜੇ ਕੁਮਾਰ, ਸੁਰਿੰਦਰ ਸਿੰਘ ਦੇਵੀਗੜ੍ਹ, ਰਾਜ ਕੁਮਾਰ ਰਾਜੂ, ਨਿਰਮਲ ਸਿੰਘ ਆਦਿ ਹਾਜਰ ਸਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Ph.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111